# ਅੰਮ੍ਰਿਤ ਕੀਰਤਨ

## ਮਈ 2016




ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

ਮੁੱਲ 15/-
Posting Date 01 May 2016

# ਛਨੀਛਰਵਾਰ

ਛਨੀਛਰਵਾਰ ਚੜ੍ਹਿਆ ਲੋਕੀਂ ਸਿੱਧ ਕਰਕੇ,
ਪੂਰਾ ਕਰਨ ਲਈ ਕੰਮ ਮੰਨਾਈਦਾ ਏ।
ਜਿਸ ਤੋਂ ਆਸ ਲੱਗੇ ਕੰਮ ਹੋਵਣੇ ਦੀ,
ਹੱਥ ਜੋੜ ਕੇ ਸੀਸ ਨਿਵਾਈਦਾ ਏ।
ਰੱਬ ਬਹੁਤ ਕੀਤੀ ਕਿਰਪਾ ਅਸਾਂ ਉੱਤੇ,
ਲੱਖਾਂ ਵਾਰ ਦੀ ਸ਼ੁਕਰ ਮੰਨਾਈਦਾ ਏ।
ਛੋਟੇ ਕਰਨ ਸਤਿਕਾਰ ਜੇ ਵੱਡਿਆ ਦਾ,
ਵੱਡਿਆਂ ਛੋਟਿਆਂ ਤਾਈਂ ਸਲ੍ਹਾਈਦਾ ਏ।
ਕੰਮ ਕਾਰ ਵਿਚ ਮਸ਼ਵਰਾ ਚਾਹੋ ਕੋਈ,
ਲੈਣਾ ਮਸ਼ਵਰਾ ਕੰਮ ਭਲਾਈ ਦਾ ਏ।
ਤੁਸੀਂ ਭਾਈ ਹੋ ਸਭ ਸਤਿਕਾਰ ਵਾਲੇ,
ਕੰਮਕਾਰ ਵਿਚ ਹਿੱਸਾ ਦਿਖਾਈਦਾ ਏ।
ਵਾਧੇ ਵਿਚ ਹੋਵਣ ਹਿੱਸੇਦਾਰ ਪੂਰੇ,
ਘਾਟੇ ਵਿਚ ਕਿਉਂ ਸਿਰ ਹਿਲਾਈਦਾ ਏ।
ਆਪ-ਹੁਦਰ ਵਿਚ ਔਕੜਾਂ ਪੈਂਦੀਆਂ ਨੇ,
ਚੰਗੇ ਮਸ਼ਵਰੇ ਨਾਲ ਨਿਭਾਈਦਾ ਏ।
ਇਕ ਸਾਹਮਣੇ ਵਰਤਣ ਮਿਲਾਪ ਅੰਦਰ,
ਦੂਜੀ ਸਿੱਖਿਆ ਨਾਲ ਸਿਖਾਈਦਾ ਏ।
ਤੁਸਾਂ ਭਾਈ ਹੋ ਮਿੱਠੇ ਪਿਆਰ ਵਾਲੇ,
ਕੰਮ ਕਾਰ ਵਿਚ ਹਿੱਸਾ ਲਿਖਾਈਦਾ ਏ।
ਬਿਨ ਮਸ਼ਵਰੇ ਕੋਈ ਨ ਕੰਮ ਕਰੀਏ,
ਇੱਜ਼ਤ ਰੱਖਕੇ ਆਦਰ ਬਣਾਈਦਾ ਏ।
ਜੁੜ ਬੈਠੀਏ ਮਾਹ ਵਿਚ ਦੋ ਵੇਰਾਂ,
ਵਾਧੇ ਘਾਟੇ ਤੇ ਨਜ਼ਰ ਚਲਾਈਦਾ ਏ।
ਰੱਬ ਸੁਧਾਰਿਆ ਹੈ ਆਪੂੰ ਸੁਧਰ ਜਾਵੇ,
ਕਹਿਣਾ ਠੀਕ ਏ ਸਭ ਲੁਕਾਈ ਦਾ ਏ।
ਤਰਸਵੰਦ ਬਣਕੇ ਕਰੋ ਲੋਕ ਸੇਵਾ
ਸੰਤੋਖ ਰਬ ਨੂੰ ਇਵੇਂ ਰਿਝਾਈਦਾ ਏ।



**ਪੁਸਤਕ -ਗੁੱਝੀਆਂ ਰਮਜ਼ਾਂ : ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ**

# ਅੰਮ੍ਰਿਤ ਕੀਰਤਨ


ਸੰਪਾਦਕ (ਆਨਰੇਰੀ)

**ਡਾ. ਜਾਗੀਰ ਸਿੰਘ**

ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀਐਚ. ਡੀ

ਸਹਿਯੋਗੀ

**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**

ਆਨਰੇਰੀ ਸਲਾਹਕਾਰ

**ਸ: ਹਰਚੰਦਨ ਸਿੰਘ**


- ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: ੪/੮/੯੦ ਮਿਤੀ ੨੦/੨/੯੧ ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

ਚੰਦੇ ਦਾ ਵੇਰਵਾ

- ਦੇਸ਼: ਇਕ ਕਾਪੀ 15 ਰੁ., ਦੇਸ਼ ਸਾਲਾਨਾ ਡਾਕ ਰਾਹੀਂ 150 ਰੁ., ਕੋਰੀਅਰ ਰਾਹੀਂ 500 ਰੁਪਏ
  ਜੀਵਨ ਮੈਂਬਰ 1500 ਰੁ.
- ਵਿਦੇਸ਼: ਸਲਾਨਾ 30 £, ਜੀਵਨ ਮੈਂਬਰ 300 £
- 'ਅੰਮ੍ਰਿਤ ਕੀਰਤਨ' ਲਈ ਡਰਾਫਟ

ਮਾਇਕ ਸਹਾਇਤਾ, ਚਿੱਠੀ ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ


ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422, ਸੈਕਟਰ 15-ਏ, ਚੰਡੀਗੜ੍ਹ 160 015
ਫੋਨ : 0172-2772660, 098140 53630

e-mail: drjagirsingh@gmail.com
Website : www.amritkirtan.com, www.gurshabad.com



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਸ਼ੋਅਰੂਮ ਨੰ: 443, ਮਟੋਰ, ਸੈਕਟਰ 70, ਮੁਹਾਲੀ ਫੋਨ : 0172-2216283, 98150-72197ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।


## ਇਸ ਅੰਕ ਵਿਚ


ਕਰਉ ਬੇਨੰਤੀਆ : ਪਰ ਕਾ ਬੁਰਾ ਨਾ ਰਾਖਹੁ ਚੀਤੁ 4

ਰਬਾਬੀ ਕੀਰਤਨ ਪਰੰਪਰਾ
ਡਾ. ਜਾਗੀਰ ਸਿੰਘ 5

ਬਹੁ ਪੱਖੀ ਸ਼ਖਸੀਅਤ : ਭਾਈ ਕਰਮ ਸਿੰਘ ਰਤਨ
ਭਾਈ ਗੁਰਮੀਤ ਸਿੰਘ ਜੋਸ਼ 14

ਪ੍ਰੋਫ਼ੈਸਰ ਮੋਹਨ ਸਿੰਘ ਪਟਿਆਲੇ ਵਾਲੇ
ਭਾਈ ਕਰਮ ਸਿੰਘ ਰਤਨ 19


### ਵਿਸ਼ੇਸ਼ ਸੂਚਨਾ

ਅੰਮ੍ਰਿਤ ਕੀਰਤਨ ਇਕ ਵਿਸ਼ੇਸ਼ ਪ੍ਰਕਾਰ ਦਾ ਮਾਸਿਕ ਪੱਤਰ ਹੈ। ਜੇ ਇਹ ਤੁਹਾਨੂੰ ਨਹੀਂ ਚਾਹੀਦਾ ਤਾਂ ਤੁਸੀਂ ਐਡਰੈੱਸ ਰੈਪਰ (ਕਵਰ ਪੇਪਰ) 'ਤੇ ਵਾਪਿਸ ਜਾਵੇ ਜਾਂ Return ਲਿਖ ਕੇ ਪੋਸਟ ਬਾਕਸ ਵਿਚ ਪਾ ਦਿਉ ਤਾਂ ਜੋ ਅੱਗੇ ਤੋਂ ਤੁਹਾਨੂੰ ਮੈਗਜ਼ੀਨ ਬੰਦ ਕਰ ਦਿੱਤਾ ਜਾਵੇ ਜਾਂ 9814053630 'ਤੇ ਸੂਚਿਤ ਕਰੋ ਜੀ।

### ਮਾਇਕ ਸਹਾਇਤਾ ਭੇਜਣ ਦੀ ਕਿਰਪਾ ਕਰੋ ਜੀ

ਚੈੱਕ ਜਾਂ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ। ਜਾਂ State Bank of Patiala ਵਿਚ Amrit Kirtan Trust A/c 65079603302, IFSC:STBP0000240 ਵਿਚ ਸਿੱਧਾ ਜਮਾਂ ਕਰਾ ਕੇ ਸਾਨੂੰ ਨਾਮ ਅਤੇ ਐਡਰੈੱਸ ਜ਼ਰੂਰ ਸੂਚਿਤ ਕਰੋ ਜੀ ਤਾਂ ਜੋ ਅਸੀਂ ਰਸੀਦ ਕੱਟ ਸਕੀਏ।

Donations are eligible for relief u/s 80 G of Income-Tax Act, 1961 (43 of 1961) vide CIT/-I/ CHD/ Tech./ 80-G/ 2008-939 dated 19-05-2008 valid upto 31/03/2012 now valid in perpetuity.

## ਕਰਉ ਬੇਨੰਤੀਆ

# ਪਰ ਕਾ ਬੁਰਾ ਨਾ ਰਾਖਹੁ ਚੀਤੁ

ਪਿਛਲੇ ਸਮੇਂ ਪੁਸਤਕਾਂ ਵਿੱਚ ਪੜ੍ਹੀਆਂ ਦੋ ਕਥਾਵਾਂ ਮੈਨੂੰ ਬਹੁਤ ਭਾਵਪੂਰਤ ਜਾਪੀਆਂ ਹਨ। ਇਹਨਾਂ ਨੂੰ ਤੁਹਾਡੇ ਨਾਲ ਸਾਂਝੀਆਂ ਕਰਨ ਦੀ ਖੁਸ਼ੀ ਲੈ ਰਿਹਾ ਹਾਂ। ਇੱਕ ਰਾਜਾ ਆਪਣੇ ਵਜ਼ੀਰ ਨਾਲ ਬਾਜ਼ਾਰ ਵਿੱਚੋਂ ਲੰਘ ਰਿਹਾ ਸੀ। ਬਾਜ਼ਾਰ ਦੀ ਇੱਕ ਦੁਕਾਨ ਵੱਲ ਇਸ਼ਾਰਾ ਕਰ ਕੇ ਰਾਜਾ ਬੋਲਿਆ- ਮੈਂ ਜਦੋਂ ਵੀ ਇਸ ਦੁਕਾਨ ਦੇ ਮਾਲਕ ਨੂੰ ਵੇਖਦਾ ਹਾਂ ਮੇਰਾ ਦਿਲ ਕਰਦਾ ਹੈ ਕਿ ਇਸ ਨੂੰ ਫਾਂਸੀ ਤੇ ਲਟਕਾ ਦਿਆਂ।

ਦੂਜੇ ਦਿਨ ਵਜ਼ੀਰ ਉਸ ਦੁਕਾਨ ਤੇ ਗਿਆ। ਉਸ ਨੇ ਦੁਕਾਨ ਵਾਲੇ ਦਾ ਹਾਲ ਚਾਲ ਪੁਛਿਆ। ਪਤਾ ਲੱਗਾ ਕਿ ਇਹ ਚੰਦਨ ਦੀ ਲਕੜੀ ਦੀ ਦੁਕਾਨ ਹੈ ਤੇ ਚੰਦਨ ਦੀ ਲਕੜੀ ਉਦੋਂ ਹੀ ਜ਼ਿਆਦਾ ਵਿਕਦੀ ਹੈ ਜਦੋਂ ਕਿਸੇ ਅਮੀਰ ਵਜ਼ੀਰ ਦੀ ਮੌਤ ਹੁੰਦੀ ਹੈ।ਉਸ ਦੀ ਚਿਖਾ ਚੰਦਨ ਦੀ ਲੱਕੜੀ ਨਾਲ ਜਲਾਈ ਜਾਂਦੀ ਹੈ। ਵਜ਼ੀਰ ਨੂੰ ਸਮਝ ਆਈ ਕਿ ਜਦੋਂ ਵੀ ਇਹ ਚੰਦਨ ਦਾ ਵਪਾਰੀ ਰਾਜੇ ਨੂੰ ਵੇਖਦਾ ਹੈ ਤਾਂ ਇਸ ਦੇ ਮਨ ਵਿੱਚ ਖਿਆਲ ਆਉਂਦਾ ਹੈ ਕਿ ਜੇ ਰਾਜੇ ਦੀ ਮੌਤ ਹੋ ਜਾਵੇ ਤਾਂ ਮੇਰੀ ਚੰਦਨ ਦੀ ਲਕੜੀ ਬਹੁਤ ਵਿਕੇਗੀ। ਕਿਉਂਕਿ ਵਪਾਰੀ ਰਾਜੇ ਦੀ ਮੌਤ ਨੂੰ ਚਿਤਵਦਾ ਹੈ ਇਸ ਲਈ ਰਾਜੇ ਦੇ ਮਨ ਵਿੱਚ ਵੀ ਵਪਾਰੀ ਨੂੰ ਫਾਂਸੀ ਦੇਣ ਦਾ ਖਿਆਲ ਆਉਂਦਾ ਹੈ।

ਵਜ਼ੀਰ ਨੇ ਇਹਨਾਂ ਨਕਾਰਾਤਮਕ ਖਿਆਲਾਂ ਨੂੰ ਦੂਰ ਕਰਨ ਦਾ ਇੱਕ ਉਪਾਅ ਸੋਚਿਆ।ਉਸ ਨੇ ਚੰਦਨ ਦੇ ਵਪਾਰੀ ਨੂੰ ਕਿਹਾ ਕਿ ਰਾਜਾ ਚੰਦਨ ਦੀ ਲੱਕੜੀ ਦਾ ਇੱਕ ਮਹਿਲ ਬਣਾਉਣਾ ਚਾਹੁੰਦਾ ਹੈ ਜਿਸ ਵਿੱਚ ਲੱਗਣ ਵਾਲੀ ਚੰਦਨ ਦੀ ਲੱਕੜੀ ਇਥੋਂ ਖਰੀਦੀ ਜਾਵੇਗੀ। ਚੰਦਨ ਦੇ ਵਪਾਰੀ ਦੀ ਰਾਜੇ ਬਾਰੇ ਸੋਚ ਬਦਲ ਗਈ। ਹੁਣ ਉਹ ਰਾਜੇ ਲਈ ਵੱਡੀ ਉਮਰ ਦੀ ਦੁਆ ਮੰਗਣ ਲੱਗਾ।ਰਾਜੇ ਦੇ ਮਨ ਵਿੱਚੋਂ ਵੀ ਵਪਾਰੀ ਨੂੰ ਫਾਂਸੀ ਦੇਣ ਦਾ ਵਿਚਾਰ ਦੂਰ ਹੋ ਗਿਆ.............।

ਕਿਸੇ ਵਪਾਰੀ ਕੋਲ ਇੱਕ ਇਮਾਰਤਸਾਜ਼ ਕੰਮ ਕਰਦਾ ਸੀ। ਉਸ ਇਮਾਰਤਸਾਜ਼ ਨੇ ਆਪਣੀ ਸਾਰੀ ਜਵਾਨੀ ਉਸ ਵਪਾਰੀ ਲਈ ਬਹੁਤ ਵਧੀਆ ਇਮਾਰਤਾਂ ਬਣਾਉਣ ਵਿੱਚ ਗੁਜ਼ਾਰ ਦਿੱਤੀ ਸੀ। ਇਮਾਰਤਸਾਜ਼ ਬੁੱਢਾ ਹੋ ਗਿਆ ਸੀ ਤੇ ਹੁਣ ਉਹ ਰਿਟਾਇਰ ਹੋਣਾ ਚਾਹੁੰਦਾ ਸੀ। ਉਸ ਨੇ ਵਪਾਰੀ ਨੂੰ ਕਿਹਾ ਕਿ ਉਸ ਨੂੰ ਇਸ ਨੌਕਰੀ ਤੋਂ ਰੁਖ਼ਸਤ ਕੀਤਾ ਜਾਵੇ। ਵਪਾਰੀ ਨੇ ਕਿਹਾ ਕਿ ਇਮਾਰਤਸਾਜ਼ ਇੱਕ ਆਖਰੀ ਇਮਾਰਤ ਬਣਾ ਦੇਵੇ ਫਿਰ ਉਹ ਰਿਟਾਇਰ ਹੋ ਜਾਵੇ। ਇਮਾਰਤਸਾਜ਼ ਨੇ ਬੜੇ ਅਨਮਨੇ ਢੰਗ ਨਾਲ ਇਹ ਇਮਾਰਤ ਬਣਾਈ। ਇਸ ਵਿੱਚ ਸਮੱਗਰੀ ਵੀ ਵਧੀਆ ਨਹੀਂ ਸੀ ਲਗਾਈ ਤੇ ਨਮੂਨਾ ਵੀ ਵਧੀਆ ਨਹੀਂ ਸੀ। ਇਮਾਰਤ ਤਿਆਰ ਕਰਕੇ ਉਸ ਦੀਆਂ ਚਾਬੀਆਂ ਵਪਾਰੀ ਨੂੰ ਦੇਣ ਚਲਾ ਗਿਆ। ਵਪਾਰੀ ਨੇ ਉਹੀ ਚਾਬੀਆਂ ਇਮਾਰਤਸਾਜ਼ ਨੂੰ ਦਿੰਦਿਆਂ ਕਿਹਾ ਕਿ ਇਮਾਰਤਸਾਜ਼ ਨੇ ਇਤਨਾ ਸਮਾਂ ਉਸ ਲਈ ਕੰਮ ਕੀਤਾ ਹੈ ਇਸ ਲਈ ਵਪਾਰੀ ਵੱਲੋਂ ਇਹ ਇਮਾਰਤ ਇਨਾਮ ਵਜੋਂ ਦਿੱਤੀ ਜਾ ਰਹੀ ਹੈ।

ਇਮਾਰਤਸਾਜ਼ ਬਹੁਤ ਦੁਖੀ ਹੋਇਆ- ਜੇ ਪਤਾ ਹੁੰਦਾ ਕਿ ਇਹ ਇਮਾਰਤ ਮੈਨੂੰ ਮਿਲਣੀ ਹੈ ਤਾਂ ਮੈਂ ਬਹੁਤ ਵਧੀਆਂ ਕੰਮ ਕਰਦਾ।

ਇਹਨਾਂ ਦੋਹਾਂ ਕਥਾਵਾਂ ਦੇ ਬੜੇ ਡੂੰਘੇ ਭਾਵ ਹਨ। ਪਾਠਕ ਜੀ, ਤੁਹਾਨੂੰ ਸਮਝਾਉਣ ਦੀ ਲੋੜ ਨਹੀਂ, ਤੁਸੀਂ ਬਹੁਤ ਸਿਆਣੇ ਹੋ।ਭੁੱਲ ਚੁੱਕ ਖਿਮਾ।

# ਰਬਾਬੀ ਕੀਰਤਨ ਪਰੰਪਰਾ

## ਡਾ. ਜਾਗੀਰ ਸਿੰਘ

ਰਬਾਬੀ ਕੀਰਤਨੀਏ ਆਮ ਤੌਰ ਤੇ ਮੁਸਲਿਮ ਧਰਮ ਨਾਲ ਸਬੰਧਤ ਸਨ। ਇਹਨਾਂ ਦਾ ਖਾਨਦਾਨੀ ਕਿੱਤਾ ਵੀ ਸੰਗੀਤ ਹੀ ਹੁੰਦਾ ਸੀ। ਇਹਨਾਂ ਨੂੰ ਮਿਰਾਸੀ ਜਾਤ ਨਾਲ ਸਬੰਧਤ ਸਮਝਿਆ ਜਾਂਦਾ ਸੀ। ਮਿਰਾਸੀਆਂ ਦੇ ਮੁੱਢ ਬਾਰੇ ਸ਼ਮਸ਼ੇਰ ਸਿੰਘ ਅਸ਼ੋਕ[1] ਲਿਖਦੇ ਹਨ– ਗੁਣ, ਕਰਮ ਅਤੇ ਸੁਭਾਉ ਅਨੁਸਾਰ ਮਰਾਸੀ ਅਤੇ ਭੱਟ ਮੁੱਢ ਵਿੱਚ ਇੱਕੋ ਹੀ ਜਾਤੀ ਨਾਲ ਲਹੂ-ਮਾਸ ਦਾ ਸੰਬੰਧ ਰਖਦੇ ਹੁੰਦੇ ਸਨ। ਹਿੰਦੂ ਰਾਜਪੂਤਾਂ ਵਿੱਚ, ਜਿਨ੍ਹਾਂ ਲੋਕਾਂ ਨੂੰ ਭੱਟ ਕਿਹਾ ਜਾਂਦਾ ਹੈ, ਆਮ ਮੁਸਲਮਾਨਾਂ ਵਿੱਚ ਉਹੋ ਕੁਝ ਹੇਰਫੇਰ ਪਾ ਕੇ ਮਿਰਾਸੀ ਅਖਵਾਂਦੇ ਹਨ। ਮਿਰਾਸੀ ਲੋਕ ਵੀ ਹਿੰਦੂ ਭੱਟਾਂ ਵਾਂਗ ਆਪਣੇ ਜਜਮਾਨਾਂ ਦੇ ਕੁਰਸੀ-ਨਾਮੇ ਅਥਵਾ ਬੰਸਾਵਲੀਆਂ, ਕਵਿਤਾ ਵਿੱਚ ਜੋੜ ਕੇ, ਉੱਚੀ ਹੇਕ ਨਾਲ ਸੁਣਾਉਂਦੇ ਅਤੇ ਇਨਾਮ ਪ੍ਰਾਪਤ ਕਰਦੇ ਸਨ।

ਕਈ ਇਤਿਹਾਸਕਾਰਾਂ ਅਨੁਸਾਰ ਮਿਰਾਸੀਆਂ ਦਾ ਪਿਛੋਕੜ ਹਜ਼ਰਤ ਮੁਹੰਮਦ ਸਾਹਿਬ ਨਾਲ ਜੁੜਦਾ ਹੈ। ਇੱਕ ਕਥਾ ਅਨੁਸਾਰ ਹਜ਼ਰਤ ਮੁਹੰਮਦ ਸਾਹਿਬ ਨੇ ਇਕ ਵੇਰ ਕਿਸੇ ਗੱਲੋਂ ਨਾਰਾਜ਼ ਹੋ ਕੇ ਆਪਣੇ ਤਾਏ ਦੇ ਪੁੱਤਰ ਹਜ਼ਰਤ ਉਕਾਸਾ ਨੂੰ ਕੋਰੜੇ ਲਗਵਾਏ ਸਨ। ਜਦੋਂ ਹਜ਼ਰਤ ਮੁਹੰਮਦ ਸਾਹਿਬ ਆਪਣੇ ਅੰਤਲੇ ਦਿਨੀਂ ਮਦੀਨੇ ਪਹੁੰਚੇ ਤਾਂ ਇਕ ਦਿਨ ਸੁਭਾਵਿਕ ਹੀ ਕਹਿਣ ਲੱਗੇ ਕਿ ਜੇ ਅਸੀਂ ਕਿਸੇ ਵਿਅਕਤੀ ਦਾ ਬੁਰਾ ਕੀਤਾ ਹੋਵੇ ਤਾਂ ਉਹ ਸਾਥੋਂ ਆਪਣਾ ਬਦਲਾ ਲੈ ਸਕਦਾ ਹੈ। ਇਹ ਬਚਨ ਸੁਣ ਕੇ ਹਜ਼ਰਤ ਅਮੀਨ ਦੇ ਪੁੱਤਰ ਉਕਾਸਾ ਨੇ ਕਿਹਾ ਕਿ ਹਜ਼ਰਤ ਜਿਵੇਂ ਤੁਸੀਂ ਉਸ ਦਿਨ ਮੈਨੂੰ ਕੋਰੜੇ ਲਗਵਾਏ ਸਨ ਤਿਵੇਂ ਆਪਣੀ ਪਿਠ ਨੰਗੀ ਕਰ ਦਿਓ ਤਾਂ ਕਿ ਮੈਂ ਵੀ ਉਸੇ ਤਰ੍ਹਾਂ ਆਪਣਾ ਬਦਲਾ ਲੈ ਸਕਾਂ। ਇਹ ਸੁਣ ਕੇ ਹਜ਼ਰਤ ਮੁਹੰਮਦ ਸਾਹਿਬ ਨੇ ਫੌਰਨ ਆਪਣੀ ਪਿਠ ਨੰਗੀ ਕਰ ਦਿੱਤੀ ਪਰ ਉਕਾਸਾ ਨੇ ਬਦਲਾ ਲੈਣ ਦੀ ਬਜਾਇ ਹਜ਼ਰਤ ਮੁਹੰਮਦ ਸਹਿਬ ਦੀ ਪਿੱਠ ਨੂੰ ਬੜੇ ਪਿਆਰ ਨਾਲ ਚੁੰਮ ਲਿਆ ਅਤੇ ਨਾਲ ਉਹਨਾਂ ਦੇ ਨਿਆਂ ਦੀ ਉਸਤਤ ਨੂੰ ਉੱਚੀ ਹੇਕ ਵਿੱਚ ਗਾਇਆ।

ਕਿਹਾ ਜਾਂਦਾ ਹੈ ਕਿ ਹਜ਼ਰਤ ਉਕਾਸਾ ਦੇ ਖਾਨਦਾਨ ਵਿੱਚ ਇਹੋ ਉਸਤਤ ਕਰਨ ਦਾ ਰਿਵਾਜ ਚੱਲ ਪਿਆ ਤੇ ਉਸ ਦੇ ਪੁੱਤਰ ਪੋਤਰੇ ਵੱਡੇ ਲੋਕਾਂ ਦਾ ਜੱਸ ਗਾ ਕੇ ਸੁਣਾਉਣ ਲੱਗ ਪਏ। ਇਹ ਵੀ ਕਿਹਾ ਜਾਂਦਾ ਹੈ ਕਿ ਜਦੋਂ ਹਜ਼ਰਤ ਮੁਹੰਮਦ ਸਾਹਿਬ ਨੂੰ ਖ਼ੈਬਰ ਦੀ ਜੰਗ ਵਿੱਚ ਹਾਰ ਹੋਈ ਤਾਂ ਉਕਾਸਾ ਪਰਿਵਾਰ ਸਮੇਤ ਅਰਬ ਤੋਂ ਪੰਜਾਬ ਆ ਗਿਆ। ਇੱਕ ਰਵਾਇਤ ਅਨੁਸਾਰ ਹਜ਼ਰਤ ਹੁਸੈਨ ਦੀ ਸ਼ਹੀਦੀ ਤੋਂ ਬਾਅਦ ਉਕਾਸਾ ਦਾ ਖਾਨਦਾਨ ਇਰਾਨ ਅਤੇ ਫਿਰ ਇਰਾਨ ਤੋਂ ਅਜਮੇਰ ਖਵਾਜਾ ਮੁਈਓਦੀਨ ਦੇ ਸਥਾਨ ਤੇ ਆ ਗਿਆ ਤੇ ਉਥੇ ਗਾਉਣ ਵਜਾਉਣ ਦਾ ਕਿੱਤਾ ਅਪਣਾ ਕੇ ਗੁਜ਼ਰ ਬਸਰ ਕਰਨ ਲੱਗ ਪਿਆ। ਪਰ ਆਮ ਤੌਰ ਤੇ ਇਹ ਹੀ ਸਮਝਿਆ ਜਾਂਦਾ ਹੈ ਭੱਟ ਲੋਕ ਹੀ ਜਿਹੜੇ ਕਿਸੇ ਕਾਰਨ ਮੁਸਲਮਾਨ ਬਣ ਗਏ ਉਹ ਮਿਰਾਸੀ ਅਖਵਾਏ। ਇਹ ਲੋਕ ਰਬਾਬ ਵਜਾਂਦੇ ਸਨ।

ਰਬਾਬ ਬਾਰੇ ਕਿਹਾ ਜਾਂਦਾ ਹੈ ਕਿ ਇਹ ਇਰਾਨ ਦੇ ਸੂਫੀ ਫਕੀਰਾਂ ਦਾ ਹਰਮਨ ਪਿਆਰਾ ਸਾਜ਼ ਸੀ। ਡਾਕਟਰ ਬਲਬੀਰ ਸਿੰਘ[2] ਆਪਣੀ ਪੁਸਤਕ ਲੰਮੀ ਨਦਰ (1959) ਵਿੱਚ ਰਬਾਬ ਸਿਰਲੇਖ ਹੇਠ ਲੇਖ ਵਿੱਚ ਤਾਰੀਖੁਲ ਹੁਕਮਾ ਤੇ ਮਸ਼ਾਹੀਰ ਦੇ ਹਵਾਲੇ ਨਾਲ ਲਿਖਦੇ ਹਨ ਕਿ ਅੱਜ ਤੋਂ ਹਜ਼ਾਰ ਕੁ ਸਾਲ ਪਹਿਲਾਂ ਬੁਖਾਰੇ ਦੇ ਹਕੀਮ ਅਬੂ ਨਾਸਿਰ ਫਾਰਸੀ ਨੇ ਜੋ ਬੜਾ ਵੱਡਾ ਗਵੱਈਆ ਤੇ ਵਜੰਤਰੀ ਸੀ ਇਕ ਅਮੀਰ ਆਦਮੀ ਦੀ ਮਹਿਫਲ ਵਿੱਚ ਇਕ ਸਾਜ਼ ਵਜਾਇਆ ਜਿਸ ਦੀ ਅਵਾਜ਼ ਨਾਲ ਸਾਰੀ ਮਹਿਫਿਲ ਪਹਿਲਾਂ ਹੱਸੀ ਫੇਰ ਰੋਈ ਅਤੇ ਅੰਤ ਮਦਹੋਸ਼ ਹੋ ਗਈ। ਇਹ ਸਾਜ਼ ਰਬਾਬ ਸੀ। ਰਬਾਬ ਸਫਰ ਕਰਨ ਵਾਲੇ ਸੈਲਾਨੀਆਂ ਲਈ ਹਰਮਨ ਪਿਆਰਾ ਸਾਜ਼ ਹੈ ਜੋ ਧੁਨ ਦੇ ਨਾਲ ਨਾਲ ਲੈਅ ਦੇਣ ਵਿੱਚ ਵੀ ਸਹਾਇਕ ਹੁੰਦਾ ਹੈ।

ਪੰਜਾਬ ਵਿੱਚ ਰਬਾਬੀ ਸ਼ਬਦ ਭਾਈ ਮਰਦਾਨਾ ਜੀ ਤੋਂ ਪ੍ਰਚਲਤ ਹੋਇਆ। ਗੁਰੂ ਨਾਨਕ ਦੇਵ ਜੀ ਨੂੰ ਸੰਗੀਤ ਨਾਲ ਬਹੁਤ ਪਿਆਰ ਸੀ। ਉਹ ਆਪਣੀ ਬਾਣੀ ਨੂੰ ਸੰਗੀਤਮਈ ਰੂਪ ਵਿੱਚ ਉਚਾਰਨ ਕਰਦੇ ਸਨ। ਉਹਨਾਂ ਨੇ ਭਾਈ ਮਰਦਾਨਾ ਨੂੰ ਜੋ ਰਬਾਬ ਵਜਾਉਣ ਵਿੱਚ ਮਾਹਿਰ ਸੀ ਨੂੰ ਆਪਣਾ ਸਾਥੀ ਬਣਾਇਆ। ਭਾਈ ਮਰਦਾਨਾ ਦੇ ਖਾਨਦਾਨ ਨਾਲ ਸਬੰਧਤ ਲੋਕ ਰਬਾਬ ਨਾਲ ਕੀਰਤਨ ਕਰਦੇ ਸਨ ਜਿਸ ਕਰਕੇ ਉਹਨਾਂ ਰਬਾਬੀ ਕਿਹਾ ਜਾਣ ਲੱਗ ਪਿਆ- ਸਿੱਖ ਇਤਿਹਾਸ ਵਿਚ ਭਾਈ ਮਰਦਾਨਾ ਜੀ ਦਾ ਨਾਮ ਬੜੇ ਸਤਿਕਾਰ ਨਾਲ ਲਿਆ ਜਾਂਦਾ ਹੈ। ਇਹ ਇਕ ਇਤਿਹਾਸਕ ਸਚਾਈ ਹੈ ਕਿ ਜਿਤਨਾ ਸਮਾਂ ਭਾਈ ਮਰਦਾਨਾ ਨੇ ਗੁਰੂ ਨਾਨਕ ਦੇਵ ਜੀ ਦੇ ਨੇੜੇ ਰਹਿ ਕੇ ਗੁਜ਼ਾਰਿਆ ਉਤਨਾ ਸਮਾਂ ਗੁਰੂ ਸਾਹਿਬ ਦੇ ਨਿਕਟ ਰਹਿਣ ਦਾ ਹੋਰ ਕਿਸੇ ਵਿਅਕਤੀ ਨੂੰ ਪ੍ਰਾਪਤ ਨਹੀਂ ਹੋਇਆ। ਭਾਈ ਮਰਦਾਨਾ ਰਬਾਬ ਵਜਾਉਣ ਵਿਚ ਪ੍ਰਬੀਣ ਸੀ। ਇਸ ਬਾਰੇ ਭਾਈ ਗੁਰਦਾਸ ਜੀ ਨੇ ਵੀ ਲਿਖਿਆ ਹੈ

-ਭਲਾ ਰਬਾਬ ਵਜਾਇਦਾ ਮਜਲਸ ਮਰਦਾਨਾ ਮੀਰਾਸੀ ।।13।।11।।[3]

-ਇਕ ਬਾਬਾ ਅਕਾਲ ਰੂਪ ਦੂਜਾ ਰਬਾਬੀ ਮਰਦਾਨਾ।। ਵਾਰ 11 ।।[4]

ਜਦੋਂ ਗੁਰੂ ਨਾਨਕ ਦੇਵ ਜੀ ਨੇ ਮਰਦਾਨਾ ਜੀ ਦੀ ਰਬਾਬ ਸੁਣੀ ਤਾਂ ਉਹ ਬਹੁਤ ਪ੍ਰਸੰਨ ਹੋਏ। ਉਹਨਾਂ ਕਿਹਾ ਕਿ ਜੇ ਉਹ ਸ਼ਬਦ ਨਾਲ ਰਬਾਬ ਵਜਾਵੇ ਤਾਂ ਬੜਾ ਆਨੰਦ ਆਵੇਗਾ। ਇੰਜ ਭਾਈ ਮਰਦਾਨਾ ਜੀ ਗੁਰੂ ਜੀ ਦੇ ਸਾਥੀ ਬਣ ਗਏ। ਇਹ ਵੀ ਰਵਾਇਤ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਭਾਈ ਮਰਦਾਨਾ ਨੂੰ ਰਬਾਬ ਨੂੰ ਇੱਕ ਵਿਸ਼ੇਸ਼ ਪ੍ਰਕਾਰ ਨਾਲ ਵਜਾਉਣ ਦਾ ਗੁਣ ਆਪ ਦਿੱਤਾ ਸੀ। ਜਦੋਂ ਗੁਰੂ ਨਾਨਕ ਦੇਵ ਜੀ ਦਾ ਵਿਆਹ ਹੋਇਆ ਉਸ ਸਮੇਂ ਭਾਈ ਮਰਦਾਨਾ ਨੇ ਇਨਾਮ ਦੀ ਮੰਗ ਕੀਤੀ। ਭਾਈ ਬਾਲੇ ਵਾਲੀ ਜਨਮ ਸਾਖੀ[5] ਵਿਚ ਗੁਰੂ ਸਾਹਿਬ ਦੇ ਵਿਆਹ ਸਮੇਂ ਦਾ ਪ੍ਰਸੰਗ ਇੰਜ ਬਿਆਨ ਕੀਤਾ ਹੈ-

ਵਿਦਾ ਹੋਵਣਿ ਲਗੇ ਤਾਂ ਮਰਦਾਨੇ ਡੂਮਿ ਆਖਿਆ ਨਾਨਕ ਜੀ ਕੁਝ ਅਸਾਨੂ ਆਪਣੀ ਵਲੋਂ ਦੇਹਿ। ਤਾਂ ਨਾਨਕ ਜੀ ਕਹਿਆ ਆਖੁ ਮਰਦਾਨਾ ਕਿਆ ਲੈਨਾ ਹੈ। ਅਸਾਂ ਤੇਰੇ ਨਾਲਿ ਕੰਮ ਹੈ। ਮਰਦਾਨੇ ਕਹਿਆ ਮੈਨੂੰ ਕਾਈ ਭਲੀ ਵਸਤ ਦੇਹਿ। ਤਾਂ ਨਾਨਕ ਜੀ ਕਹਿਆ ਭਲੀ ਵਸਤੁ ਤੇ ਰੰਜੁ ਹੋਸੀ। ਮਰਦਾਨੇ ਕਹਿਆ ਜੀ ਤੂ ਭਲੀ ਵਸਤੁ ਦੇਹਿਗਾ ਤਾਂ ਮੈ ਕਿਉ ਰੰਜੁ ਹੋਵਾਂਗਾ, ਤਾਂ ਨਾਨਕ ਜੀ ਆਖਿਆ ਤੁਸੀਂ ਮਿਰਾਸੀ ਹੋ। ਤੁਸੀਂ ਖੋਟੇ ਪੈਸੇ ਅਤੇ ਕਪੜੇ ਉਤੇ ਖੁਸੀ ਹੋਂਦੇ ਹਹੁ। ਅਗਲੀ ਗਲਿ ਜਾਣਦੇ ਨਾਹੀ। ਮਰਦਾਨੇ ਕਹਿਆ ਜੀ ਕਾਈ ਭਲੀ ਵਸਤ ਤੂ ਜਾਣਦਾ ਹੈ ਸਾਈ ਦੇਹਿ। ਨਾਨਕ ਜੀ ਕਹਿਆ ਅਸਾਂ ਤੈਨੂੰ

ਤਾਰ ਦਾ ਗੁਣ ਦਿਤਾ। ਏਹੁ ਅਸਾਨੂੰ ਲੋੜੀਦਾ ਆਹਾ। ਤਾਂ ਮਰਦਾਨੇ ਉਠਿ ਕੈ ਤਾਜੀਮ ਕੀਤੀ। ਫਿਰਿ ਨਾਨਕ ਜੀ ਗਲੋਂ ਚੋਲਣਾ ਲਾਹਿ ਕੈ ਮਰਦਾਨੇ ਦੇ ਗਲਿ ਪਾਇਆ। ਅਤੇ ਮਰਦਾਨੇ ਨੂੰ ਆਖਿਆ ਮਰਦਾਨਿਆ ਇਕ ਅਸਾਡਾ ਬਚਨ ਮੰਨ। ਮਰਦਾਨੇ ਆਖਿਆ ਜੀ ਫੁਰਮਾਈਐ। ਮਰਦਾਨਾ ਤੂੰ ਵੇਦੀਆਂ ਦਾ ਮਿਰਾਸੀ ਹਹਿ ਹੋਰਸ ਥੇ ਨਾਹੀਂ ਮੰਗਣਾ। ਮਰਦਾਨੇ ਕਹਿਆ ਭਲਾ ਜੀ ਤੁਸੀਂ ਅਸਾਡੀ ਸਾਰ ਵਿਚਿ ਰਹਹੁ। ਤਾਂ ਨਾਨਕ ਜੀ ਕਹਿਆ ਮਰਦਾਨਾ ਕਰਤਾਰ ਸਭਨਾ ਦੀ ਸਾਰ ਵਿਚਿ ਹੈ।

ਜਦੋਂ ਗੁਰੂ ਨਾਨਕ ਦੇਵ ਜੀ ਤਲਵੰਡੀ ਤੋਂ ਸੁਲਤਾਨਪੁਰ ਲੋਧੀ ਆ ਗਏ ਤਾਂ ਮਰਦਾਨਾ ਜੀ ਵੀ ਨਾਲ ਹੀ ਆ ਗਏ। ਇਥੇ ਉਹ ਗੁਰੂ ਨਾਨਕ ਦੇਵ ਜੀ ਨਾਲ ਕੀਰਤਨ ਸਮੇਂ ਰਬਾਬ ਵਜਾਉਂਦੇ। ਭਾਈ ਮਨੀ ਸਿੰਘ ਵਾਲੀ ਜਨਮ ਸਾਖੀ ਵਿੱਚ ਇਹ ਵੀ ਲਿਖਿਆ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਭਾਈ ਮਰਦਾਨੇ ਨੂੰ ਕੀਰਤਨ ਕਰਨ ਦੀ ਵਿਧੀ ਵੀ ਸਿਖਾਈ– ਅਰ ਇਕ ਦਿਨ ਮਰਦਾਨਾ ਮਿਰਾਸੀ ਬਾਬੇ ਨੂੰ ਆਣ ਮਿਲਿਆ ਸੋ ਤਦ ਲੋਕ ਫਰੀਦ ਜੀ ਦੀ ਜਾਰਤ ਨੂੰ ਜਾਂਦੇ ਸਨ ਤਾਂ ਮਰਦਾਨੇ ਕਹਿਆ, ਬਾਬਾ ਜੀ ਜੇ ਤੂ ਚਲੇਂ ਅਸੀਂ ਵੀ ਜਾਤ੍ਰਾ ਵਾਲਿਆਂ ਨਾਲ ਜਾਰਤ ਕਰ ਆਈਏ। ਤਾਂ ਬਾਬੇ ਆਖਿਆ ਜੇ ਤੂੰ ਅਸਾਡੇ ਨਾਲ ਪੱਕੀ ਰਿਫਾਕਤ ਕਰੇਂ ਤਾਂ ਅਸੀਂ ਜਾਈਏ, ਤਾਂ ਉਸ ਆਖਿਆ ਜਿ ਜੇ ਤੂੰ ਮੇਰੀ ਅਤੇ ਮੇਰੇ ਕੁਟੰਬੀਆਂ ਦੀ ਖਬਰ ਲਵੇਂ ਤਾਂ ਮੈਂ ਕਿਉਂ ਨਹੀਂ ਰਿਫਾਕਤ ਕਰਦਾ। ਤਾਂ ਬਾਬੇ ਕਹਿਆ ਰਾਗ ਤੂੰ ਜਿਹੜਾ ਜਾਣਦਾ ਹੈਂ ਸੋ ਇਹੋ ਸਬਦ ਰਾਗ ਪਾਇਕੇ ਨਿਹਕਾਮ ਹੋ ਕੇ ਗਾਵੇਂਗਾ ਤਾਂ ਤੇਰਾ ਪਰਲੋਕ ਸਿਧ ਹੋਵੇਗਾ ਤੇ ਜੇ ਇਹੋ ਸਬਦ ਤੇਰੇ ਵੰਸ ਵਾਲੇ ਗਾਵਨਗੇ ਤਾਂ ਉਨਕਾ ਵਿਵਹਾਰ ਸਿਧ ਹੋਵੇਗਾ। ਤਸੁ ਮਰਦਾਨੇ ਉਪਰਿ ਗੁਰੂ ਬਾਬੇ ਦੀ ਖੁਸੀ ਸੀ। ਜਾਂ ਮਰਦਾਨਾ ਗਾਵਦਾ, ਤਾਂ ਰੰਗੁ ਸਹਜੇ ਹੀ ਪਾਉਂਦਾ।[6] ਜਦੋਂ ਗੁਰੂ ਨਾਨਕ ਦੇਵ ਜੀ ਲੋਕਾਈ ਦੇ ਉਧਾਰ ਲਈ ਉਦਾਸੀਆਂ ਲਈ ਚੱਲੇ ਤਾਂ ਮਰਦਾਨੇ ਲਈ ਚੰਗੇ ਰਬਾਬ ਦੀ ਲੋੜ ਪਈ। ਜਿਹੜਾ ਰਬਾਬ ਮਰਦਾਨਾ ਜੀ ਨੇ ਗੁਰੂ ਨਾਨਕ ਦੇਵ ਜੀ ਨਾਲ ਵਜਾਇਆ ਉਸ ਦੀ ਪ੍ਰਾਪਤੀ ਦੀ ਸਾਖੀ ਬੜੀ ਭਾਵਪੂਰਤ ਹੈ। ਇਹ ਸਾਖੀ ਭਾਈ ਬਾਲੇ ਵਾਲੀ ਜਨਮ ਸਾਖੀ ਵਿੱਚ ਲਿਖੀ ਹੋਈ ਹੈ। ਇਸ ਤੋਂ ਰਬਾਬ ਦੀ ਵਿਸ਼ੇਸ਼ਤਾ ਦਾ ਵੀ ਪਤਾ ਲਗਦਾ ਹੈ। ਇਸ ਕੁਝ ਅੰਸ਼ ਦੇਣੇ ਉਚਿਤ ਹੋਣਗੇ–

---ਨਾਨਕ ਆਖਿਆ ਮਰਦਾਨਿਆ ਤਾਰ ਵਜਾਉ। ਮਰਦਾਨੇ ਆਖਿਆ ਜੀ ਮੈ ਤਾਰਿ ਕਦੀ ਨਾਹੀ ਵਜਾਈ। ਨਾਨਕ ਆਖਿਆ, ਸੁਣਿ ਮਰਦਾਨਾ ਅਸਾਂ ਤੈਨੂੰ ਤਾਰ ਦਾ ਗੁਣ ਦਿਤਾ ਸੀ। ਸੋ ਕਿਥੇ ਘਤਿਓ? ਮਰਦਾਨੇ ਕਹਿਆ, ਜੀ ਮੈ ਤਾ ਵੇਚਿ ਨਾਹੀ ਖਾਧਾ। ਜਿਥੈ ਰਖਿਆ ਹੈ ਤਿਥਉ ਪਇਆ ਹੋਗਾ। ਨਾਨਕ ਕਹਿਆ ਵਜਾਇ ਮਰਦਾਨਾ। ਮਰਦਾਨੇ ਪਾਸਿ ਰਬਾਬ ਨਾਹਾ। ਮਰਦਾਨੇ ਹੁਕਮੁ ਮੰਨਿਆ, ਮਰਦਾਨਾ ਸਹਰ ਵਿਚਿ ਆਇਆ। ਆਇ ਕਰਿ ਲਗਾ ਕੋਈ ਢਾਢੀ ਟੋਲਣ। ਦੇਖੇ ਤਾਂ ਹਿਕੁ ਡੂਮਿ ਹਿਕਸੁ ਪਠਾਣ ਅਗੇ ਬੈਠਾ ਗਾਵਦਾ ਹੈ ਅਤੇ ਮੰਝੋਲਾ ਰਬਾਬ ਹਥਿ ਵਜਾਂਵਦਾ ਹੈ। ਮਰਦਾਨੇ ਉਸ ਨੂੰ ਦੁਆਇ ਸਲਾਮ ਦਿਤੋਸੁ। ਤਿਚਰਾਂ ਪਠਾਣ ਉਠਿ ਖੜਾ ਹੋਇਆ, ਤਾਂ ਮਰਦਾਨੇ ਉਸ ਨੋ ਆਖਿਆ ਚਲ ਭਾਈ ਮਿਰਾਸੀ। ਹਿਕ ਬੰਦਾ ਖੁਦਾਇ ਦਾ ਤੈਨੂੰ ਸਦਦਾ ਹੈ। ਓਹੁ ਮਿਰਾਸੀ ਉਠਿ ਖੜਾ ਹੋਇਆ।---- ਮਰਦਾਨਾ ਲੈ ਕਰਿ ਉਸ ਨੂੰ ਨਾਨਕ ਪਾਸ ਆਇ ਬੈਠਾ। ਉਸ ਨੂੰ ਆਖਿਓਸੁ ਭਾਈ ਵਜਾਉ। ਗੁਰੂ ਨਾਨਕ ਦੀ ਸਮਾਧ ਲਗੀ ਹੋਈ ਆਹੀ। ਜਾਂ ਉਸ ਡੂਮੇਟੇ ਤਾਰ ਵਜਾਈ ਤਾਂ ਨਾਨਕ ਅਖੀਆਂ ਖੋਲੀਆਂ ਆਖਿਓਸੁ, ਵੋ ਮਰਦਾਨਾ ਤੂੰ ਵਜਾਇ। ਮਰਦਾਨੇ ਹੁਕਮੁ ਮੰਨਿਆ। ਮਰਦਾਨਾ ਤਾਰ ਵਜਾਇ ਨਾ ਸਾ ਜਾਣਦਾ ਮਰਦਾਨਾ ਲਗਾ ਵਜਾਵਣ। ਮਰਦਾਨੇ ਇਜੇਹੀ ਤਾਰਿ ਵਜਾਈ ਜੋ ਜੰਗਲ ਦੇ ਮਿਰਗਿ ਬਿਸੁਧੁ ਹੋਇ ਕੇ ਢਹਿ ਪਏ। ਗੁਰੂ ਨਾਨਕ ਬਹੁਤ ਰੀਝਾਇਆ ਅਤੇ ਮਰਦਾਨਾ ਆਪਣੇ ਜੀ ਵਿਚਿ ਬਹੁਤ ਰਾਜੀ ਹੋਆ, ਜਾਣੇ

ਜੋ ਮੇਂ ਤਾਂ ਵਜਾਇ ਨਾਹਾ ਜਾਣਦਾ ਅਤੇ ਉਹੁ ਢਾਢੀ ਹੈਰਾਨੁ ਹੋਇ ਗਇਆ ਮੈਂ ਵਡੇ ਵਡੇ ਡਿਠੇ ਆਹਾ ਪਰ ਇਹ ਗੁਣ ਕਿਸੇ ਵਿਚ ਨਹੀਂ ਡਿਠਾ।----ਫਿਰ ਗੁਰੂ ਨਾਨਕ ਆਖਿਆ ਮਰਦਾਨਾ ਕੋਈ ਰਬਾਬ ਲੈ। ਤਾਂ ਮਰਦਾਨੇ ਆਖਿਆ, ਜੀ ਤੰਬੂਰਾ ਲਈਏ ਤਾਂ ਗੁਰੂ ਨਾਨਕ ਆਖਿਆ, ਮਰਦਾਨਾ ਰਬਾਬ ਗੁਰਮੁਖੀ ਢਢਿ ਅਤੈ ਹੋਰੁ ਜੁ ਵਾਜਾ ਹੈ ਸੋ ਸਭੋ ਵਿਕਾਰ ਹੈ। ਸੋ ਮਰਦਾਨੇ ਫਿਰਿ ਆਖਿਆ ਜੀ ਰਬਾਬ ਮਿਲੈ। ਤਾਂ ਫਿਰਿ ਗੁਰੂ ਨਾਨਕ ਆਖਿਆ ਮਰਦਾਨਾ ਸੁਆਲ ਕਰਨਾ ਭਲਾ ਨਾਹੀ। ਪਰ ਜਰੂਰਤ ਕਰਾਂਵਦੀ ਹੈ। ਜਾਇ ਕਰਿ ਬੇਬੇ ਜੀ ਪਾਸਿ ਆਖੁ ਜੋ ਬੇਬੇ ਜੀ ਨਾਨਕ ਕਹਿਆ ਤਉ ਉਤੇ ਸੁਆਲ ਕੀਤਾ ਹੈ ਜੇ ਮੰਨੇ ਤਾਂ ਆਖਾ ਅਤੇ ਨਾ ਮੰਨੇ ਤਾਂ ਨਾਹੀ ਆਖਿਦਾ। ਜੇ ਮੰਨਿਓ ਸੁ ਤਾ ਆਖੇ ਜੋ ਹਿਕੁ ਅਸਾਨੂ ਰਬਾਬ ਲੈ ਦੇ।--ਤਾਂ ਢਾਢੀ ਕਹਿਆ ਜੀ ਏਹੁ ਰਬਾਬ ਹਾਜਰ ਹੈ। ਫਿਰਿ ਗੁਰੂ ਨਾਨਕ ਕਹਿਆ ਭਾਈ ਢਾਢੀ ਅਸਾਨੂ ਪਹੁਚਿਆ ਤੈ ਦਿਤਾ। ਪਰੁ ਏਹੁ ਅਸਾਡੇ ਕੰਮ ਦਾ ਨਾਹੀ। ਮਰਦਾਨਾ ਜਾਇ ਨਾਨਕੀ ਪਾਸ ਖੜਾ ਹੋਇਆ।------ ਮਰਦਾਨੇ ਆਖਿਆ ਜੀ ਹਿਕ ਰਬਾਬ ਜਿਤਨੇ ਤੋ ਮਿਲੇ ਤਿਤਨੇ ਤੋ ਲੈ ਦੇਉ। ਨਾਨਕੀ ਆਖਿਆ ਹਿਕੁ ਕਿਆ ਸਉ।------ਨਾਨਕੀ ਆਖਿਆ, ਭਾਈ ਮਰਦਾਨਾ, ਜੇਹਾ ਤੇਰੀ ਖੁਸੀ ਆਵੈ ਤੇਹੋ ਲਐ। ਮੁਲ ਦਾ ਸਰਫਾ ਨ ਕਰ।[7] ਕਈ ਦਿਨ ਮਰਦਾਨਾ ਰਬਾਬ ਲਭਦਾ ਰਿਹਾ ਪਰ ਕਿਤੋਂ ਉਸ ਨੂੰ ਰਬਾਬ ਨਹੀਂ ਮਿਲੀ। ਫਿਰ ਗੁਰੂ ਨਾਨਕ ਦੇਵ ਜੀ ਦੇ ਕਹਿਣ ਤੇ ਉਹ ਫਿਰੰਦੇ ਰਬਾਬੀ ਦੇ ਪਿੰਡ ਪੁਜਦਾ ਹੈ। ਫਿਰੰਦੇ ਨਾਲ ਮੇਲ ਵਾਲੀ ਘਟਨਾ ਵੀ ਅਲੌਕਿਕ ਹੈ।

----ਤਾਂ ਤੀਜੇ ਦਿਨ ਫਿਰੰਦਾ ਰਬਾਬੀ ਮਰਦਾਨੇ ਨੂੰ ਆਇ ਮਿਲਿਆ। ਆ ਕਰਿ ਲਗਾ ਪੁਛਣ, ਕਉਣ ਭਾਈ, ਤੂੰ ਕਿਸਨੋ ਟੋਲਦਾ ਹੈਂ। ਮਰਦਾਨੇ ਆਖਿਆ, ਜੀ, ਇਥੇ ਹਿਕੁ ਰਬਾਬੀ ਹੈ ਅਤੇ ਨਾਲੇ ਫੇਰੂ ਆਖਦੇ ਹੈਨਿ। ਫਿਰੰਦੇ ਆਖਿਆ, ਤੇਰਾ ਨਾਉ ਕਿਆ ਹੈ? ਤੂੰ ਹੁੰਦਾ ਕਉਣ ਹੈ? ਤੂ ਭੇਜਿਆ ਕਿਸੁ ਹੈਂ? ਅਤੇ ਤੇਰਾ ਵਤਨ ਕਉਣ ਹੈ? ਤਾਂ ਮਰਦਾਨੇ ਕਹਿਆ, ਮੇਰਾ ਵਤਨ ਰਾਇ ਭੋਈ ਦੀ ਤਲਵੰਡੀ ਹੈ ਨਾਉ ਮਰਦਾਨਾ ਹੈ। ਭੇਜਿਆ ਨਾਨਕ ਵੇਦੀ ਫਕੀਰ ਹੁਕਮੁ ਰਬਾਬੁ ਲੈਣ ਵਾਸਤੇ। ਫਿਰੰਦੇ ਆਖਿਆ, ਫਿਰੰਦਾ ਫੇਰੂ ਹੋਵੇਗਾ। ਅਤੇ ਤੁਹਾਨੂੰ ਨਾਨਕ ਵੇਦੀ ਮਹੀ ਥੇ ਘਲਿਆ ਹੈ। ਅਤੇ ਰਬਾਬੁ ਭੀ ਮੈਥੇ ਹੈ। ਅਤੇ ਨਾਨਕ ਵੇਦੀ ਮੇਰਾ ਚਿਰੋਕਣਾ ਅਸਨਾਉ ਹੈ। ਮਰਦਾਨੇ ਆਖਿਆ ਜੀ ਰਬਾਬੁ ਮੈਨੂੰ ਦੇਵੋ। ਫਿਰੰਦੇ ਆਖਿਆ ਸੁਣਿ ਮਰਦਾਨਾ ਲੈ ਰਬਾਬੁ। ਫਿਰੰਦਾ ਨ ਜਾਣੀਏ ਰਬਾਬੁ ਕਿਥੋਂ ਲੈ ਆਇਆ। ਜਾ ਮਰਦਾਨਾ ਦੇਖੇ ਤਾਂ ਕਿਆ ਦੇਖੇ, ਰਬਾਬੁ ਕੁਦਰਤੀ ਹੈ, ਮਰਦਾਨੇ ਆਖਿਆ ਜੀ ਮੁਲ ਕਹੁ। ਫਿਰੰਦੇ ਆਖਿਆ ਮਰਦਾਨੇ ਤੇਰੇ ਪਾਸਿ ਇਸ ਰਬਾਬ ਦਾ ਮੁਲ ਨਾਹੀ, ਇਸ ਦਾ ਮੁਲ ਅਸਾ ਲੈਣਾ ਭੀ ਨਾਹੀ। ਮਰਦਾਨੇ ਨੂੰ ਹੈਰਾਨਗੀ ਲਗੀ ਭਾਈ ਏਹੁ ਕਉਣੁ। ਮਰਦਾਨਾ ਰਹਿ ਨ ਸਕਿਆ, ਆਖਿਓਸੁ ਜੀ ਏਸ ਦਾ ਮੁਲ ਤੁਸਾਂ ਕਿਉ ਨਾਹੀ ਲੈਣਾ। ਫਿਰੰਦੇ ਆਖਿਆ ਏਹੁ ਰਬਾਬੁ ਅਸਾਨੂ ਕੁਦਰਤਿ ਨਾਲ ਹਥਿ ਆਇਆ ਹੈ। ਅਵਾਜ ਏਸ ਦੀ ਏਹੀ ਨਿਕਲੀ ਜੋ ਫਿਰੰਦਾ ਏਹੁ ਰਬਾਬੁ ਹੋਰਸੁ ਅਗੇ ਵਜਾਵਣਾ ਨਾਹੀ। ਹਿਕੁ ਨਾਨਕ ਵੇਦੀ ਖਤਰੀ ਹੋਸੀ ਏਹੁ ਰਬਾਬੁ ਉਸ ਦੇ ਅਗੇ ਵਜਾਵਣੀ ਤੂ ਉਸ ਅਗੇ ਵਜਾਵੇ। ਮਰਦਾਨੇ ਏਸ ਦਾ ਮੁਲ ਅਸਲ ਅਸਾਂ ਲੈਣਾ ਨਾਹੀ। ਪਰੁ ਭਾਈ ਚਲੁ ਦੇਖ ਉਹੁ ਨਾਨਕ ਹੈ ਕੇ ਕੋਈ ਹੋਰ ਹੈ। ਤਾਂ ਮਰਦਾਨੇ ਕਹਿਆ ਜੀ ਚਲੋ। ਪਰ ਜੇ ਹੁਕਮ ਹੋਵੇ ਤਾਂ ਮੈਂ ਹਿਕ ਵਾਰੀ ਵਜਾਇ ਦੇਖਾ। ਤਾਂ ਫਿਰੰਦੇ ਕਹਿਆ ਭਾਈ ਹੋਰਥੁ ਅਗੈ ਹੁਕਮੁ ਨਾਹੀ। ਮਰਦਾਨੇ ਕਹਿਆ ਜੀ ਮੈਨੂੰ ਉਸੇ ਨਾਨਕ ਭੇਜਿਆ ਹੈ ਤਾਂ ਫਿਰੰਦੇ ਕਹਿਆ ਭਾਈ, ਤੂੰ ਜਾਣੁ। ਨਾਨਕ ਉਸੇ ਭੇਜਿਆ ਹੈ ਵਜਾਇ। ਮਰਦਾਨੇ ਰਬਾਬੁ ਹਥਿ ਲੈ ਕਰਿ ਥਾਟ ਬਣਾਇ ਕੇ ਜਾਂ ਤਾਰ ਵਜਾਈ ਤਾਂ ਅਵਾਜ ਵਿਚੋਂ ਨਿਰੰਕਾਰ ਨਿਰੰਕਾਰ ਹੀ ਆਵੇ। ਅਤੇ ਪਿਛੋ ਦੀ ਨਾਨਕ ਦੀ ਅਧੀਨਗੀ ਨਿਕਲੇ ਅਤੇ ਹੋਰ ਕਾਈ ਅਵਾਜ ਨਾ ਨਿਕਲੇ। ਤਾਂ ਮਰਦਾਨੇ ਹੈਰਾਨ ਹੋਇ ਕਰਿ ਆਖਿਓਸੁ ਫਿਰੰਦਾ ਭਾਈ ਝਬਿ ਚਲੁ। ਫਿਰੰਦਾ ਤੇ ਮਰਦਾਨਾ ਦੋਵੇਂ ਨਾਵੈ ਦਿਨ ਆਇ ਗੁਰੂ ਨਾਨਕ ਪਾਸਿ ਖੇ ਹੋਏ, ਰਬਾਬੁ ਆਗੈ ਰਖਿਆ ਅਤੇ ਦੁਹਾਂ ਮਥਾ ਟੇਕਿਆ।[8]

------ਗੁਰੂ ਨਾਨਕ ਏਹੁ ਹੁਕਮ ਕੀਤਾ ਮਰਦਾਨੇ ਲੈ ਰਬਾਬੁ ਹਥਿ।ਮਰਦਾਨੇ ਰਬਾਬ ਹਥਿ ਲੀਤਾ, ਲਗਾ ਥਾਟ ਬਣਾਵਣ ਤਾ ਗੁਰੂ ਨਾਨਕ ਹੁਕਮੁ ਕੀਤਾ ਮਰਦਾਨਾ ਝਬ ਹੋਹੁ।ਮਰਦਾਨੇ ਕਹਿਆ ਜੀ ਥਾਟ ਬਣਾਇ ਦੇਵਾਂ ਨਾ।ਤਾਂ ਫਿਰ ਗੁਰੂ ਨਾਨਕ ਹੁਕਮ ਕੀਤਾ ਮਰਦਾਨਾ ਥਾਟ ਆਪੇ ਹੀ ਬਣ ਜਾਇਗਾ ਝਬੁ ਹੋਹੁ।ਮਰਦਾਨੇ ਹੁਕਮੁ ਮੰਨਿਆ ਆਪੇ ਹੀ ਥਾਟ ਬਣਿ ਗਇਆ। ਲਗਾ ਮਰਦਾਨਾ ਤਾਰ ਵਜਾਵਣ। ਤਾਰ ਵਿਚੋਂ ਈਹ ਅਵਾਜ ਨਿਕਲੇ ਤੂੰ ਹੀ ਨਿਰੰਕਾਰ ਤੂੰ ਹੀ ਨਿਰੰਕਾਰ ਨਾਨਕ ਬੰਦਾ ਤੇਰਾ। ਗੁਰੂ ਨਾਨਕ ਦੀ ਸਮਾਧ ਲਗ ਗਈ। ---ਦੁਇ ਰਾਤੀ ਤੇ ਦੁਇ ਦਿਨ ਸਮਾਧਿ ਲਗੀ ਰਹੀ। ਮਰਦਾਨੇ ਰਬਾਬ ਵਜਾਇਥੇ ਛਡਿ ਦਿਤਾ।ਤੀਸਰਾ ਦਿਨ ਹੁਆ ਤਾਂ ਨਾਨਕ ਗੁਰੂ ਪਲਕਾ ਲਾਹੀਆਂ।[9]

ਜਦੋਂ ਗੁਰੂ ਨਾਨਕ ਦੇਵ ਜੀ ਨੂੰ ਬਾਣੀ ਉਚਾਰਨ ਦੀ ਪ੍ਰੇਰਨਾ ਹੁੰਦੀ ਤਾਂ ਉਹ ਇਹ ਹੀ ਕਹਿੰਦੇ :

"ਮਰਦਾਨਿਆ ਰਬਾਬ ਵਜਾਇ।।ਕਾਈ ਸਿਫਤ ਖੁਦਾਇ ਦੇ ਦੀਦਾਰ ਦੀ ਕਰੀਏ।।"[10]

ਭਾਈ ਮਰਦਾਨਾ ਰਬਾਬ ਦੀਆਂ ਸੁਰਾਂ ਛੇੜ ਕੇ ਵਿਸਮਾਦੀ ਮਾਹੌਲ ਪੈਦਾ ਕਰ ਦਿੰਦਾ।ਗੁਰ ਨਾਨਕ ਦੇਵ ਜੀ ਬਾਣੀ ਉਚਾਰਦੇ। ਰਬਾਬ ਨਾਲ ਉਚਾਰੀ ਇਸ ਬਾਣੀ ਦਾ ਸਰੋਤਿਆਂ ਉਤੇ ਵੀ ਅਲੌਕਿਕ ਪ੍ਰਭਾਵ ਪੈਂਦਾ ਸੀ। ਭਾਈ ਮਰਦਾਨਾ ਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਪ੍ਰਥਮ ਸਰੋਤਾ ਤੇ ਪ੍ਰਥਮ ਰਬਾਬ ਵਾਦਕ ਹੈ।

ਭਾਈ ਮਰਦਾਨਾ ਤੋਂ ਬਾਅਦ ਵੀ ਰਬਾਬ ਦਾ ਵਾਦਨ ਗੁਰ ਦਰਬਾਰ ਵਿੱਚ ਹੁੰਦਾ ਰਿਹਾ ਤਾਂ ਹੀ ਤਾਂ ਭਾਈ ਗੁਰਦਾਸ ਜੀ ਨੇ ਲਿਖਿਆ ਹੈ-ਗੁਰਬਾਣੀ ਲਿਖ ਪੋਥੀਆਂ ਤਾਲ ਮ੍ਰਿਦੰਗ ਰਬਾਬ ਵਜਾਵੇ।।[11]

ਭਾਈ ਮਰਦਾਨਾ ਦੇ ਦੇਹਾਂਤ ਤੋਂ ਬਾਅਦ ਉਹਨਾਂ ਦਾ ਪੁੱਤਰ ਭਾਈ ਸ਼ਹਜਾਦ ਗੁਰ ਦਰਬਾਰ ਵਿੱਚ ਕੀਰਤਨ ਕਰਦਾ ਸੀ।[12] ਕੀਰਤਨ ਦੀ ਸੰਸਥਾ ਨੂੰ ਸਦਾ ਸਦਾ ਲਈ ਜਾਰੀ ਰੱਖਣ ਲਈ ਗੁਰੂ ਨਾਨਕ ਦੇਵ ਜੀ ਨੇ ਆਪ ਹੀ ਪ੍ਰਬੰਧ ਕਰ ਦਿੱਤਾ ਸੀ। ਜਦੋਂ ਉਹਨਾਂ ਨੇ ਗੁਰੂ ਅੰਗਦ ਦੇਵ ਜੀ ਨੂੰ ਗੁਰ ਗੱਦੀ ਦਿੱਤੀ ਤਾਂ ਬਾਣੀ ਦੀਆਂ ਪੋਥੀਆਂ ਦੇਣ ਦੇ ਨਾਲ ਨਾਲ ਬਾਣੀ ਦਾ ਗਾਇਨ ਕਰਨ ਲਈ ਬਲਵੰਡ ਰਬਾਬੀ ਵੀ ਨਾਲ ਭੇਜਿਆ।ਸਰੂਪ ਦਾਸ ਭੱਲਾ ਨੇ ਮਹਿਮਾ ਪ੍ਰਕਾਸ਼ ਵਿੱਚ ਲਿਖਿਆ ਹੈ –

ਬਲਵੰਡ ਰਬਾਬੀ ਤੁਮ ਸੰਗ ਜਾਵੈ।।

ਸਮੇ ਸਮੇ ਹਰਿ ਕੀਰਤਨ ਗਾਵੈ।।[13]

ਭਾਈ ਸੰਤੋਖ ਸਿੰਘ ਅਨੁਸਾਰ ਭਾਈ ਸੱਤਾ ਵੀ ਬਲਵੰਡ ਨਾਲ ਕੀਰਤਨ ਕਰਦਾ ਸੀ-

ਹੁਤੋ ਡੂਮ ਬਲਵੰਡ ਮਹਾਨਾ।।

ਸਤਾ ਤਿਸਕੋ ਅਨੁਜ ਸੁਜਾਨਾ।।[14]

ਇਤਿਹਾਸ ਵਿੱਚ ਅਜਿਹਾ ਭੀ ਜ਼ਿਕਰ ਆਉਂਦਾ ਹੈ ਕਿ ਗੁਰੂ ਸਾਹਿਬ ਨੇ ਜਦੋਂ ਗੁਰੂ ਅੰਗਦ ਦੇਵ ਜੀ ਨੂੰ ਗੁਰ ਗੱਦੀ ਦਿੱਤੀ ਗੁਰਬਾਣੀ ਦੀਆਂ ਪੋਥੀਆਂ ਸੌਂਪਣ ਦੇ ਨਾਲ ਨਾਲ ਬਲਵੰਡ ਰਬਾਬੀ ਵੀ ਵੀ ਬਾਣੀ ਦਾ ਗਾਇਨ ਕਰਨ ਲਈ ਦਿੱਤਾ ਅਤੇ ਇਸ ਦੀ ਸੰਭਾਲ ਲਈ ਵਿਸ਼ੇਸ਼ ਆਦੇਸ਼ ਵੀ ਦਿੱਤਾ ਕਿ ਇਸ ਦੀ ਸੰਭਾਲ ਇਸ ਤਰ੍ਹਾਂ ਕਰਨੀ ਹੈ ਜਿਵੇਂ ਬੱਤੀ ਦੰਦਾਂ ਵਿੱਚ ਜੀਭ ਰੱਖੀਦੀ ਹੈ।ਗੁਰੂ ਅੰਗਦ ਦੇਵ ਜੀ ਗੁਰ ਦਰਬਾਰ ਵਿੱਚ ਕੀਰਤਨ ਦੀ ਮਰਯਾਦਾ ਨੂੰ ਕਾਇਮ ਰੱਖਿਆ ਤੇ

ਇਸ ਸਮੇਂ ਰਬਾਬੀ ਕੀਰਤਨੀਏ ਕੀਰਤਨ ਕਰਦੇ ਸਨ ।

ਭਾਈ ਸੰਤੋਖ ਸਿੰਘ ਗੁਰੂ ਅੰਗਦ ਦੇਵ ਜੀ ਦੇ ਦਰਬਾਰ ਬਾਰੇ ਲਿਖਦੇ ਹਨ:

ਭਈ ਜਗਤ ਮੇ ਬਿਦਤ ਸੁ ਬਾਤੀ

ਆਇ ਅਨੇਕ ਖਰੇ ਹੁਇ ਪ੍ਰਾਤੀ

ਸੰਕਟ ਨਸੂਹਿ ਮਦਨ ਸਿਧਾਰਹਿ

ਜਹਿ ਕਹਿ ਸ੍ਰੀ ਗੁਰ ਸੁਜਸ ਬਿਥਾਰਹਿ

ਬਹੁਰ ਰਬਾਬੀ ਕਿਰਤਨ ਗਾਵੈਂ

ਸੁਨਹਿ ਬੀਚ ਸੰਗਤਿ ਹਰਖਾਵੈ

ਬੈਠ ਰਹੈਂ ਸਿਘਾਸਨ ਫੇਰੀਂ

ਸਿਖ ਸੰਗਤਿ ਸਭ ਦਰਸਨੁ ਹੇਰਿ

… … … … … …

ਸਭਾ ਬਿਖੈ ਸੁਭ ਆਸਨ ਬੈਸੇਂ

ਮੁਨਿ ਗਨਿ ਸਹਿਤ ਸੰਭੁ ਹੁਇ ਜੈਸੇ

ਚਹੁ ਦਿਸ ਪਰਵਾਰਤਿ ਸਿਖ ਆਇ

ਰੁਚਿਰ ਰਬਾਬੀ ਰਾਗਨਿ ਗਾਇ [15]

ਭਾਈ ਬਾਦੂ, ਭਾਈ ਸੱਤਾ, ਭਾਈ ਬਲਵੰਡ ਕੀਰਤਨ ਦੀ ਹਾਜ਼ਰੀ ਭਰਦੇ ਰਹੇ। ਇਸੇ ਤਰ੍ਹਾਂ ਗੁਰੂ ਅਮਰ ਦਾਸ ਜੀ ਦੇ ਗੁਰਿਆਈ ਕਾਲ ਵਿੱਚ ਗੋਇੰਦਵਾਲ ਵਿਖੇ ਵੀ ਰਬਾਬੀਆਂ ਦੇ ਕੀਰਤਨ ਕਰਨ ਦਾ ਜਿਕਰ ਭਾਈ ਸੰਤੋਖ ਸਿੰਘ ਜੀ ਨੇ ਕੀਤਾ ਹੈ–

ਪ੍ਰਾਤਿ ਹੋਤਿ ਲਗ ਇਸੀ ਬਿਧੀ ਇਸਥਿਰਤਾ ਪਾਵੈ

ਬਹੁਰ ਰਬਾਬੀ ਆਇ ਕਰਿ ਗੁਰ ਸਬਦ ਸੁ ਗਾਵੈ

ਅਨਿਕ ਰੀਤਿ ਕੇ ਰਾਗ ਕੋ ਸੁਨਿ ਅਨਦ ਬਿਲੰਦੇ

ਮਨੋ ਮਧੁਰ ਘਨ ਗਰਜੇਤ ਜਯੋਂ ਮੇਰ ਸੁਹੰਦੇ

… … … … …

ਆਵੇ ਚੌਥੇ ਜਾਮ ਦਨ ਇਤਿਹਾਸੁ ਪ੍ਰਕਾਸੇ

ਸੁਨੈ ਸਤਿਗੁਰ ਬੈਠਿ ਕਰਿ ਸੰਗਤਿ ਹਿਕ ਪਾਸੈ

ਬਹੁਤ ਰਬਾਬੀ ਆਇ ਕਰਿ ਗੁਰ ਸਬਦ ਸੁਨਾਵੈ

ਰਾਗ ਰਾਗਨੀ ਧੁਨਿ ਸਤਹ ਸੁੰਦਰ ਬਿਧਿ ਗਾਵੈ

ਕਥਾ ਕੀਰਤਨਿ ਕਰਤਿ ਹੀ ਨਿਸੁ ਜਾਮ ਬਿਤਾਵੈ

ਸਿਮਰਨ ਹੁਇ ਸਤਿਨਾਮ ਕੋ ਇਕਹ ਚਿਤਲਿਵ ਲਾਵੈ [16]

ਗੁਰੂ ਰਾਮ ਦਾਸ ਜੀ ਦੇ ਸਮੇਂ ਵੀ ਰਬਾਬੀਆਂ ਦੇ ਕੀਰਤਨ ਕਰਨ ਬਾਰੇ ਭਾਈ ਸੰਤੋਖ ਸਿੰਘ ਜੀ ਨੇ ਲਿਖਿਆ ਹੈ–

ਗੁਰੂ ਰਾਮਦਾਸ ਜੀ ਵੇਲੇ ਗੁਰੂ ਘਰ ਵਿਚ ਰਾਗਮਈ ਕੀਰਤਨ ਪਰੰਪਰਾ ਦਾ ਪ੍ਰਚਲਨ ਸੀ। ਸਵੇਰ ਅੰਮ੍ਰਿਤ ਵੇਲੇ ਹੀ ਦੀਵਾਨ ਸ਼ੁਰੂ ਹੋ ਜਾਂਦੇ ਸਨ। ਇਸ ਪ੍ਰਥਾਇ ਭਾਈ ਸੰਤੋਖ ਸਿਘ ਲਿਖਦੇ ਹਨ:

ਗਾਵਹਿ ਸਬਦ ਰਬਾਬੀ ਰਾਗਿ।

ਜਿਨ ਕੇ ਬਿਖੈ ਪਰਮ ਬੈਰਾਗ।

ਸਭਾ ਲਗਹਿ ਜਬ ਹੋਵਤਿ ਭੋਰ

ਆਵਹਿ ਸਿਖ ਕਰਹਿ ਬਹੁ ਜੋਰ

ਬਿਚ ਰਾਗਨ ਕੇ ਸ਼ਬਦ ਬਨਾਵਹਿ।

ਮਧੁਰ ਮਧੁਰ ਮੁਖ ਤੇ ਧੁਲ ਗਾਵਹਿ। [17]

ਰਬਾਬੀ ਕੀਰਤਨੀਏ ਬੜੇ ਪ੍ਰੇਮ ਅਤੇ ਵੈਰਾਗ ਵਿਚ ਆ ਕੇ ਰਾਗਬਧ ਕੀਰਤਨ ਕਰਦੇ ਸਨ। ਜਦੋਂ ਗੁਰੂ ਰਾਮ ਦਾਸ ਜੀ ਨੇ ਗੁਰੂ ਅਰਜਨ ਦੇਵ ਜੀ ਨੂੰ ਗੁਰਗੱਦੀ ਦਿੱਤੀ ਤਾਂ ਉਹਨਾਂ ਨੇ ਵੀ ਕੀਰਤਨ ਦੀ ਮਰਯਾਦਾ ਨੂੰ ਕਾਇਮ ਰੱਖਣ ਲਈ ਕਈ ਉਪਰਾਲੇ ਕੀਤੇ। ਭਾਈ ਸੰਤੋਖ ਸਿੰਘ ਇਸ ਬਾਰੇ ਲਿਖਦੇ ਹਨ–

ਜਾ ਦਿਨ ਤੈ ਗੁਰ ਪੰਚਮ ਜੁ ਗੁਰਯਾਈ ਕੋ ਪਾਇਆ ਗੁਰੂ ਕਹਿਲਾਏ।

ਤਾ ਦਿਨ ਤੈ ਸੁਨ ਕੈ ਬਹੁ ਸੰਗਤ ਦੇਸ ਬਦੇਸਨ ਤੈ ਲਿਤ ਆਏ।

ਆਪ ਦਿਵਾਨ ਲਗਾਇ ਥਿਰੈਂ ਗੁਰੁ ਚਾਰੁ ਚਹੂੰ ਇਸ ਸਿਖੇ ਬਿਰਾਜੈ।

ਹੇਮ ਸਿੰਘਾਸਨ ਹੀਰਨ ਸੌ ਖਹਿਯੋ ਪਿਖ ਬ੍ਰੂਰ ਸਸੀ ਜਿੰਹ ਲਾਜੈਂ।

ਰਾਗ ਅਲਾਪਤ ਖਾਪਤ ਸੋਂ ਕਹਿ ਸਾਜਿ ਮਿਲਾਇ ਮਿਲਾਇ ਰਬਾਬੀ।

ਗੁਰੁ ਚਾਰਨ ਕੀ ਬਰ ਬਾਨਿ ਉਚਾਰਤ ਜੋ ਸੁਨ ਤਯਾਗਤ ਚਿਤ ਖਰਾਬੀ [18]

ਆਦਿ ਗ੍ਰੰਥ ਦੇ ਪ੍ਰਕਾਸ਼ ਦੇ ਨਾਲ ਹੀ ਸ੍ਰੀ ਹਰਿਮੰਦਰ ਸਾਹਿਬ ਵਿਖੇ ਸ਼ਬਦ ਕੀਰਤਨ ਦੀ ਮਰਯਾਦਾ ਦਾ ਆਰੰਭ ਹੋਇਆ। ਸ੍ਰੀ ਹਰਿਮੰਦਰ ਸਾਹਿਬ ਅੰਦਰ ਸਭ ਤੋਂ ਪਹਿਲਾਂ ਗੁਰੂ ਜਸ ਗਾਇਨ ਕਰਨ ਦਾ ਸੁਭਾਗ ਗੁਰੂ ਘਰ ਦੀ ਸੇਵਾ ਵਿਚ ਲੀਨ ਉਸ ਸਮੇਂ ਦੇ ਪ੍ਰਸਿੱਧ ਰਬਾਬੀ ਭਾਈ ਸੱਤਾ ਅਤੇ ਭਾਈ ਬਲਵੰਡ ਨੂੰ ਪ੍ਰਾਪਤ ਹੋਇਆ।

ਗੁਰੂ ਹਰਿਗੋਬਿੰਦ ਜੀ ਦੇ ਦਰਬਾਰ ਵਿੱਚ ਭਾਈ ਨੱਥਾ ਅਤੇ ਭਾਈ ਅਬਦੁਲਾ ਢੱਡ ਦੇ ਨਾਲ ਰਬਾਬ ਵੀ ਵਜਾਂਦੇ ਸਨ–

ਨੱਥ ਢੱਡ ਬਜਾਇਆ ਅਬਦੁੱਲਾ ਹੱਥ ਰਬਾਬ॥ [21]

ਭਾਈ ਸੰਤੋਖ ਸਿੰਘ ਅਨੁਸਾਰ–

ਕਰਹਿ ਰਬਾਬੀ ਕੀਰਤਨ ਆਕੇ॥

ਕਬਿ ਸਿਖ ਗਾਇ ਜਿ ਰਾਗੀ ਬਨੈ॥ [22]

ਗੁਰੂ ਹਰਿ ਰਾਇ ਜੀ ਦੇ ਸਮੇਂ ਰਬਾਬੀਆਂ ਦੇ ਕੀਰਤਨ ਕਰਨ ਬਾਰੇ ਗਿਆਨੀ ਗਿਆਨ ਸਿੰਘ ਜੀ [23] ਲਿਖਦੇ ਹਨ– ਜਿਥੇ ਗੁਰੂ ਜੀ ਜਾਣ ਦੋ ਵੇਲੇ ਦੀਵਾਨ ਲੱਗੇ, ਭਾਈ ਜਸ, ਦਰਿਆ,ਚਤਰਾ,ਨੱਥੂ ਆਦਿਕ ਰਬਾਬੀ ਇੱਕ ਵੇਲੇ ਚੌਕੀ ਕਰਨ ਦੂਜੇ ਵੇਲੇ ਭਾਈ ਸੇਵਾ , ਰੱਤਾ , ਪੰਜਾਬ ਆਦਿਕ ਕੀਰਤਨ ਕਰਨ।

ਰਬਾਬੀਆਂ ਵਿੱਚੋਂ ਇਹ ਮਾਣ ਭਾਈ ਮਰਦਾਨਾ ਜੀ ਅਤੇ ਭਾਈ ਸੱਤਾ ਅਤੇ ਬਲਵੰਡ ਨੂੰ ਹੀ ਹਾਸਲ ਹੋਇਆ ਜਿਹਨਾਂ ਦੇ ਨਾਮ ਨਾਲ ਗੁਰੂ ਗ੍ਰੰਥ ਸਾਹਿਬ ਵਿੱਚ ਬਾਣੀ ਦਰਜ ਹੋਈ ਹੈ।

ਗੁਰ ਸਾਹਿਬਾਨ ਤੋਂ ਗੁਰ ਅਸਥਾਨਾਂ ਤੇ ਕੀਰਤਨ ਹੁੰਦਾ ਸੀ ਉੱਥੇ ਰਬਾਬੀ ਕੀਰਤਨੀਏ ਕੀਰਤਨ ਕਰਦੇ ਸਨ। ਕਈ ਵਾਰ ਇਹਨਾਂ ਰਬਾਬੀਆਂ ਖਡੂਰੀਏ ਰਬਾਬੀ, ਪੰਜਾ ਸਾਹਿਬ ਦੇ ਰਬਾਬੀ ਜਾਂ ਨਨਕਾਣਾ ਸਾਹਿਬ ਦੇ ਰਬਾਬੀ ਕਰਕੇ ਵੀ ਬੁਲਾਇਆ ਜਾਂਦਾ ਸੀ। ਪੀੜ੍ਹੀ ਦਰ ਪੀੜ੍ਹੀ ਗਾਇਨ ਵਾਦਨ ਦਾ ਕੰਮ ਕਰਨ ਇਹ ਸੰਗੀਤ ਵਿੱਚ ਬਹੁਤ ਮਾਹਿਰ ਸਨ। ਗੁਰੂ ਘਰ ਦੇ ਬਹੁਤ ਸ਼ਰਧਾਲੂ ਸਨ। ਇਹਨਾਂ ਵਿੱਚੋਂ ਕਈ ਸੂਰਬੀਰ ਵੀ ਸਨ। ਬਾਬਕ ਰਬਾਬੀ ਬਾਰੇ ਭਾਈ ਕਾਹਨ ਸਿੰਘ [24] ਲਿਖਦੇ ਹਨ–ਬਾਬਕ ਗੁਰੂ ਹਰਿ ਗੋਬਿੰਦ ਸਾਹਿਬ ਦਾ ਰਬਾਬੀ ਜੋ ਮਹਾਨ ਯੋਧਾ ਸੀ ਇਸਨੇ ਅੰਮ੍ਰਿਤ ਸਰ ਦੇ ਜੰਗ ਵਿੱਚ ਵੱਡੀ ਵੀਰਤਾ ਦਿਖਾਈ ਸੀ। ਗੁਰੂ ਗੋਬਿੰਦ ਸਿੰਘ ਜੀ ਦਰਬਾਰ ਵਿੱਚ ਕੀਰਤਨ ਕਰਨ ਵਾਲੇ ਰਬਾਬੀ ਭਾਈ ਸੱਦੂ ਅਤੇ ਮੱਦੂ ਆਸਾ ਦੀ ਵਾਰ ਗਾਇਨ ਕਰਨ ਵਿੱਚ ਮਾਹਿਰ ਸਨ – ਇਸੇ ਕਰਕੇ ਭਾਈ ਸੰਤੋਖ ਸਿੰਘ ਜੀ ਨੇ ਲਿਖਿਆ ਹੈ–

ਸੱਦੂ ਮੱਦੂ ਆਸਾ ਵਾਰ॥ ਕੀਰਤਨ ਕਰਤੇ ਰਾਗ ਸੁਧਾਰ॥ [25]

ਦਰਬਾਰ ਸਾਹਿਬ ਵਿੱਚ ਕੀਰਤਨ ਦੀਆਂ ਚੌਕੀਆਂ ਦੀ ਵੰਡ ਕੀਤੀ ਹੋਈ ਸੀ। ਕੁਝ ਰਾਗੀਆਂ ਦੀਆਂ ਚੌਕੀਆਂ ਕਹੀਆਂ ਜਾਂਦੀਆਂ ਸਨ ਅਤੇ ਕੁਝ ਰਬਾਬੀਆਂ ਦੀਆਂ ਚੌਕੀਆਂ ਕਹੀਆਂ ਜਾਂਦੀਆਂ ਸਨ।

ਦਸਤੂਰ –ਉਲ– ਅਮਲ [26] ਸ੍ਰੀ ਦਰਬਾਰ ਸਾਹਿਬ ਅਨੁਸਾਰ ਦਰਬਾਰ ਸਾਹਿਬ ਦੀਆ ਪੰਦਰਾਂ ਚੌਕੀਆਂ ਵਿੱਚੋਂ ਸੱਤ ਚੌਕੀਆਂ

ਰਬਾਬੀਆਂ ਦੀਆਂ ਸਨ ਇਹਨਾਂ ਰਬਾਬੀਆਂ ਦੇ ਨਾਮ ਹਨ–

ਭਾਈ ਬੋਹਨਾ, ਭਾਈ ਦਾਹਨਾ, ਭਾਈ ਲਾਲ, ਭਾਈ ਸਰਦਾਰੀ, ਭਾਈ ਅਤਰਾ, ਭਾਈ ਦਿੱਤੂ, ਭਾਈ ਅਮੀਰਾ, ਭਾਈ ਹੀਰਾ ਸਿੰਘ ਸ਼ਿਕਾਰ ਪੁਰੀਆ, ਪ੍ਰੋ ਪਿਆਰਾ ਸਿੰਘ ਪਦਮ[27] ਜੀ ਨੇ ਸੰਨ 1900 ਵਿੱਚ ਛਪੀ ਖਾਲਸਾ ਡਾਇਰੈਕਟਰੀ ਦੇ ਹਵਾਲੇ ਨਾਲ ਪ੍ਰਸਿੱਧ 31 ਰਬਾਬੀਆਂ ਦੇ ਨਾਮ ਲਿਖੇ ਹਨ ਜੋ ਇਸ ਪ੍ਰਕਾਰ ਹਨ–

1. ਭਾਈ ਰੱਖਾ, 2. ਭਾਈ ਮੇਹਰਾ ਤੇ ਖੈਰਾ, 3. ਭਾਈ ਖੈਰਾ ਤੇ ਲਾਡਾ, 4. ਭਾਈ ਅਤਰਾ, 5. ਭਾਈ ਜੰਮੂ, 6. ਭਾਈ ਮੇਹਰੂ, 7. ਭਾਈ ਨਥੂ, 8. ਭਾਈ ਖੈਰ, 9. ਭਾਈ ਈਦੂ, 10. ਭਾਈ ਨਥੂ, 11. ਭਾਈ ਮੌਲੂ, 12. ਭਾਈ ਵਾਸੂ, 13. ਭਾਈ ਮੁਲਤਾਨੀ, 14. ਭਾਈ ਚੰਦੂ, 15. ਭਾਈ ਸੁੰਦਰ, 16. ਭਾਈ ਰੂੜਾ, 17. ਭਾਈ ਮੌਲਾ, 18. ਭਾਈ ਫਤੂ, 19. ਠਾਕੁਰ ਬੋਧ ਨੰਦ, 20. ਭਾਈ ਹੀਰਾ, 21. ਭਾਈ ਜੈਮਲ, 22. ਭਾਈ ਮਹਿਮੂਦ, 23. ਭਾਈ ਮੰਦੂ, 24. ਭਾਈ ਫਤੈ ਸਿੰਘ। 25. ਭਾਈ ਲੋੜੀਦਾ, 26. ਭਾਈ ਕਾਲੂ, 27. ਭਾਈ ਹੁਸੈਨਾ ਮੌਲੂ, 28. ਭਾਈ ਨੱਥੂ, 29. ਭਾਈ ਕਰਮਾ, 30. ਭਾਈ ਨਥੂ, 31. ਭਾਈ ਸਾਂਈ ਦਿੱਤਾ

ਸਹਾਇਕ ਸਮੱਗਰੀ 1– ਭਾਈ ਮਰਦਾਨਾ ਅਤੇ ਰਬਾਬੀਆਂ ਦਾ ਪਿਛੋਕੜ– ਸ਼ਮਸ਼ੇਰ ਸਿੰਘ ਅਸ਼ੋਕ ਪੁਸਤਕ ਸਿੱਧ ਗੋਸ਼ਟ ਤੇ ਹੋਰ ਲੇਖ ਸੰਪਾਦਕ ਪ੍ਰੀਤਮ ਸਿੰਘ, 2– ਲੰਮੀ ਨਦਰ ਡਾ. ਬਲਬੀਰ ਸਿੰਘ, 3–ਵਾਰਾਂ ਭਾਈ ਗੁਰਦਾਸ 13–11, 4–ਵਾਰਾਂ ਭਾਈ ਗੁਰਦਾਸ, 5–ਭਾਈ ਬਾਲੇ ਵਾਲੀ ਜਨਮ ਸਾਖੀ ਪੰਨਾ 236, 6–ਜਨਮ ਸਾਖੀ ਪਰੰਪਰਾ , ਭਾਈ ਮਨੀ ਸਿੰਘ ਵਾਲੀ ਜਨਮ ਸਾਖੀ ਪੰਨਾ 332–333, 7– ਜਨਮ ਸਾਖੀ ਪਰੰਪਰਾ , ਭਾਈ ਬਾਲੇ ਵਾਲੀ ਜਨਮ ਸਾਖੀ ਪੰਨਾ 244, 8–ਜਨਮ ਸਾਖੀ ਪਰੰਪਰਾ , ਭਾਈ ਬਾਲੇ ਵਾਲੀ ਜਨਮ ਸਾਖੀ ਪੰਨਾ 245,9–ਜਨਮ ਸਾਖੀ ਪਰੰਪਰਾ , ਭਾਈ ਬਾਲੇ ਵਾਲੀ ਜਨਮ ਸਾਖੀ ਪੰਨਾ 248, 10–ਪੁਰਾਤਨ ਜਨਮ ਸਾਖੀ, ਪੰਨਾ 11,12,13 ਆਦਿ, 11–ਵਾਰਾਂ ਭਾਈ ਗੁਰਦਾਸ, ਵਾਰ 6, ਪਉੜੀ 12, 13– ਮਹਿਮਾ ਪ੍ਰਕਾਸ਼– ਸਰੂਪ ਦਾਸ ਭੱਲਾ, ਛੰਤ 165, 14––ਗੁਰ ਪ੍ਰਤਾਪ ਸੂਰਜ – ਭਾਈ ਸੰਤੋਖ ਸਿੰਘ, ਰਾਸ 3–43, 15– ਗੁਰ ਪ੍ਰਤਾਪ ਸੂਰਜ – ਭਾਈ ਸੰਤੋਖ ਸਿੰਘ,16– ਗੁਰ ਪ੍ਰਤਾਪ ਸੂਰਜ – ਭਾਈ ਸੰਤੋਖ ਸਿੰਘ, 17– ਗੁਰ ਪ੍ਰਤਾਪ ਸੂਰਜ – ਭਾਈ ਸੰਤੋਖ ਸਿੰਘ, 18– ਗੁਰ ਪ੍ਰਤਾਪ ਸੂਰਜ – ਭਾਈ ਸੰਤੋਖ ਸਿੰਘ, 19– 20– 21–

22– ਗੁਰ ਪ੍ਰਤਾਪ ਸੂਰਜ – ਭਾਈ ਸੰਤੋਖ ਸਿੰਘ, 23–ਤਵਾਰੀਖ ਗੁਰੂ ਖਾਲਸਾ ਪੰਨਾ, ਗਿਆਨੀ ਗਿਆਨ ਸਿੰਘ, ਪੰਨਾ–603, 24– ਮਹਾਨ ਕੋਸ਼– ਭਾਈ ਕਾਹਨ ਸਿੰਘ ਨਾਭਾ, ਪੰਨਾ–, 25– ਗੁਰ ਪ੍ਰਤਾਪ ਸੂਰਜ – ਭਾਈ ਸੰਤੋਖ ਸਿੰਘ, 26–ਗੁਰਮਤਿ ਸੰਗੀਤ ਪਰਬੰਧ ਤੇ ਪਾਸਾਰ, ਡਾ. ਗੁਰਨਾਮ ਸਿੰਘ, 27–ਹਵਾਲਾ, ਅੰਮ੍ਰਿਤ ਕੀਰਤਨ(ਮਾਸਿਕ) ਸੰਪਾਦਕ ਡਾ. ਜਾਗੀਰ ਸਿੰਘ

## ਜ਼ਰੂਰੀ ਬੇਨਤੀ

ਜੇ ਇਹ ਮੈਗਜ਼ੀਨ ਆਪ ਨੂੰ ਚੰਗਾ ਲਗਦਾ ਹੈ ਤਾਂ ਮਾਇਕ ਸਹਾਇਤਾ ਭੇਜੋ ਜੀ। ਜੇ ਚੰਗਾ ਨਹੀਂ ਲਗਦਾ ਤਾਂ ਸਾਨੂੰ ਸੂਚਿਤ ਕਰੋ ਤਾਂ ਜੋ ਤੁਹਾਨੂੰ ਇਹ ਮੈਗਜ਼ੀਨ ਭੇਜਣਾ ਬੰਦ ਕਰ ਦਿੱਤਾ ਜਾਵੇ ਜੀ।

– ਸੰਪਾਦਕ : 09814053630

# ਬਹੁ ਪੱਖੀ ਸ਼ਖਸੀਅਤ : ਭਾਈ ਕਰਮ ਸਿੰਘ ਰਤਨ

**ਭਾਈ ਗੁਰਮੀਤ ਸਿੰਘ ਜੋਸ਼**



ਕੀਰਤਨੀਆਂ ਦੇ ਜੀਵਨ ਬਾਰੇ ਬਹੁਤ ਘੱਟ ਲਿਖਿਆ ਗਿਆ ਹੈ। ਜੋ ਲਿਖਿਆ ਜਾਂਦਾ ਹੈ, ਕਈ ਵਾਰ ਉਹ ਵੀ ਇਕ ਪਾਸੜ ਹੁੰਦਾ ਹੈ। ਕੁਝ ਸ਼ਰਧਾਲੂ ਕੀਰਤਨੀਆਂ ਦੀ ਅਤਿ ਪ੍ਰਸ਼ੰਸਾ ਕਰ ਦਿੰਦੇ ਹਨ ਅਤੇ ਕੁਝ ਆਲੋਚਕ ਕੀਰਤਨੀਆਂ ਦੀ ਗਾਇਨ ਸ਼ੈਲੀ ਆਦਿ ਬਾਰੇ ਆਲੋਚਨਾ ਕਰਦੇ ਹਨ। ਅਸੀਂ ਚਾਹੁੰਦੇ ਹਾਂ ਕਿ ਸਰੋਤੇ ਜਾਂ ਕੁਝ ਹੋਰ ਲੇਖਕ ਆਪਣੇ ਨੇੜਲੇ ਕੀਰਤਨੀਆਂ ਦੇ ਜੀਵਨ ਬਾਰੇ ਕੁਝ ਲਿਖਦੇ ਰਹਿਣ ਤਾਂ ਜੋ ਉਹਨਾਂ ਦੇ ਜੀਵਨ ਬਾਰੇ ਆਮ ਸੰਗਤਾਂ ਨੂੰ ਜਾਣਕਾਰੀ ਮਿਲੇ ਅਤੇ ਨਵੇਂ ਕੀਰਤਨੀਆਂ ਨੂੰ ਕੋਈ ਸੇਧ ਪ੍ਰਾਪਤ ਹੋਵੇ। ਅਸੀਂ ਭਾਈ ਕਰਮ ਸਿੰਘ ਰਤਨ ਦੀ ਜੀਵਨੀ ਨੂੰ ਜਿਹੜੀ ਕਿ ਭਾਈ ਗੁਰਮੀਤ ਸਿੰਘ ਜੋਸ਼ ਨਵੀਂ ਦਿੱਲੀ ਵਾਲਿਆਂ ਨੇ ਬੜੀ ਸ਼ਰਧਾ ਨਾਲ ਲਿਖੀ ਹੈ, ਕਿਸ਼ਤਵਾਰ ਛਾਪ ਰਹੇ ਹਾਂ। ਆਸ ਹੈ ਕਿ ਪਾਠਕਾਂ ਨੂੰ ਪਸੰਦ ਆਵੇਗੀ।

**ਪਿਛਲੇ ਅੰਕ ਦੀ ਬਾਕੀ**

ਇਸ ਤਰ੍ਹਾਂ ਸੰਗਤ ਦੇ ਪ੍ਰੇਮ ਨਾਲ ਕੀਰਤਨ ਦੀ ਸੇਵਾ ਕਰਦਿਆਂ ਅਪ੍ਰੈਲ ਦਾ ਮਹੀਨਾ ਬੀਤ ਗਿਆ, ਪਰ ਇਸ ਸਮੇਂ ਵਿਚ ਇਕ ਦੋ ਘਟਨਾਵਾਂ ਐਸੀਆਂ ਵਾਪਰ ਗਈਆਂ, ਜੋ ਰਤਨ ਜੀ ਨੂੰ ਚੰਗੀਆਂ ਨਾ ਲੱਗੀਆਂ।

ਹੋਇਆ ਇਹ ਕਿ ਜੋ ਬਾਹਰਲੇ ਪ੍ਰੋਗਰਾਮ ਕੀਰਤਨ ਦੇ ਆਉਂਦੇ ਸਨ, ਉਹ ਸਭਾ ਵੱਲੋਂ ਇਹ ਫੈਸਲਾ ਠੀਕ ਸੀ ਕਿ ਦੋਵੇਂ ਜੱਥੇ ਵਾਰੀ ਵਾਰੀ ਪ੍ਰੋਗਰਾਮ ਕਰਨਗੇ, ਪਰ ਕਈ ਪ੍ਰੇਮੀ ਸੰਗਤ ਵਿਚ ਐਸੇ ਵੀ ਸਨ ਜਿਹੜੇ ਰਤਨ ਜੀ ਦਾ ਕੀਰਤਨ ਹੀ ਸੁਣਨਾ ਚਾਹੁੰਦੇ ਸਨ। ਇਸ ਕਾਰਨ ਦੋਹਾਂ ਰਾਗੀ ਜਥਿਆਂ ਦੇ ਮਨ ਵਿੱਚ ਕੁੜੱਤਣ ਪੈਦਾ ਹੋਣ ਦੇ ਆਸਾਰ ਬਣ ਰਹੇ ਸਨ। ਰਤਨ ਜੀ ਦੇ ਮਨ ਵਿਚ ਭਾਈ ਹਰਨਾਮ ਸਿੰਘ ਜੀ ਦਾ ਬਹੁਤ ਸਤਿਕਾਰ ਸੀ। ਇਸ ਕਾਰਨ ਉਹਨਾਂ ਇਕ ਦਿਨ ਜੱਥੇ ਨਾਲ ਵੀਚਾਰ ਕੀਤੀ ਕਿ ਹੁਣ ਏਥੋਂ ਇੱਜ਼ਤ ਨਾਲ ਛੱਡ ਕੇ ਚਲੇ ਜਾਣਾ ਚਾਹੀਦਾ ਹੈ।

ਰਤਨ ਜੀ ਨੂੰ ਪਤਾ ਲੱਗਾ ਕਿ ਗੁਰਦੁਆਰਾ ਸਿੰਘ ਸਭਾ ਮੇਰਠ ਵਿਖੇ ਰਾਗੀ ਜੱਥੇ ਦੀ ਲੋੜ ਹੈ। ਆਪ ਜੀ ਜੱਥੇ ਸਮੇਤ ਇਕ ਦਿਨ ਛੁੱਟੀ ਲੈ ਕੇ ਮੇਰਠ ਚਲੇ ਗਏ। ਕੀਰਤਨ ਦੀ ਟਰਾਈ ਦੇ ਕੇ ਪ੍ਰਬੰਧਕਾਂ ਨਾਲ ਸਾਰੀ ਗੱਲਬਾਤ ਤੈਅ ਕਰ ਲਈ। ਇਕ ਹਜ਼ਾਰ ਰੁਪਏ ਤਨਖਾਹ ਤੇ ਉਪਰਲੀ ਆਮਦਨ ਦਾ ਅੱਧ ਅਤੇ ਰਿਹਾਇਸ਼ ਤੇ ਬਿਜਲੀ ਪਾਣੀ ਫਰੀ। ਇਹ ਗੱਲ ਤੈਅ ਹੋ ਗਈ। 1 ਜੂਨ 1972 ਤੋਂ ਡੀਊਟੀ ਸ਼ੁਰੂ ਕਰਨ ਦੀ ਗੱਲ ਪੱਕੀ ਹੋ ਗਈ। ਵਾਪਸ ਆ ਕੇ ਸਹਾਰਨਪੁਰ ਦੀ ਸਭਾ ਨੂੰ ਇਕ ਮਹੀਨੇ ਦੇ ਨੋਟਿਸ ਤੇ ਅਸਤੀਫਾ ਦੇ ਦਿੱਤਾ। 31 ਮਈ ਨੂੰ ਸਭਾ ਵੱਲੋਂ ਭਾਈ ਸਾਹਿਬ ਨੂੰ ਵਿਦਾਇਗੀ ਦੇਣ ਦਾ ਵਿਸ਼ੇਸ਼ ਦੀਵਾਨ ਸਜਾਇਆ ਗਿਆ। ਉਸ ਦਿਨ ਭਾਈ ਕਰਮ ਸਿੰਘ ਜੀ ਨੇ ਦੋ ਘੰਟੇ ਦਾ ਐਸਾ ਭਿੱਜ ਕੇ ਕੀਰਤਨ ਕੀਤਾ ਕਿ ਸੰਗਤ ਦੇ ਮੂੰਹ 'ਚੋਂ ਪ੍ਰਸੰਸਾ ਦੇ ਬੋਲ ਹੀ ਨਿਕਲ ਰਹੇ ਸਨ। ਪਹਿਲੇ ਭਾਈ ਕ੍ਰਿਪਾਲ ਸਿੰਘ ਹੈਡ ਗ੍ਰੰਥੀ ਨੇ ਨਿਰਮੋਲ ਰਤਨ ਕਹਿ ਕੇ ਭਾਈ ਸਾਹਿਬ ਦਾ ਸਨਮਾਨ ਕੀਤਾ ਤੇ ਫਿਰ ਕਰਤਾਰ ਸਿੰਘ ਪ੍ਰਧਾਨ ਜੀ ਨੇ ਸਿਰੋਪਾਓ ਦੇ ਕੇ ਭਾਈ ਸਾਹਿਬ ਨੂੰ ਸਨਮਾਨਤ ਕੀਤਾ। ਦੂਜੇ ਗੁਰਦੁਆਰਿਆਂ ਦੇ ਪ੍ਰਬੰਧਕਾਂ ਨੇ ਵੀ ਰਤਨ ਜੀ ਆਦਰ-ਮਾਣ ਕੀਤਾ। ਨੌਜਵਾਨ ਸਭਾ ਨੇ ਭਾਈ ਸਾਹਿਬ ਦੇ ਸਨਮਾਨ ਵਜੋਂ ਸੰਗਤ ਨੂੰ ਚਾਹ ਦਾ ਲੰਗਰ ਵਰਤਾਇਆ ਗਿਆ। ਇਸਤਰੀ ਸਤਿਸੰਗ ਸਭਾ ਵੱਲੋਂ ਬੀਬੀ ਜੋਗਿੰਦਰ ਕੌਰ ਜੀ ਨੇ ਵੀ ਸਿਰੋਪਾ ਦਿੱਤਾ।

ਦੁਪਹਿਰੇ 12 ਵਜੇ ਜਦੋਂ ਗੁਰਦੁਆਰੇ ਤੋਂ ਰੇਲਵੇ ਸਟੇਸ਼ਨ ਤੇ ਜਾਣ ਲਈ ਭਾਈ ਸਾਹਿਬ ਦਾ ਪਰਿਵਾਰ ਅਤੇ

ਜਥਾ  ਚਲਿਆ ਤਾਂ ਸੰਗਤ ਦੇ ਕਈ ਬੰਦੇ, ਬੱਚੇ , ਬੀਬੀਆਂ ਵੀ ਨਾਲ ਚਲ ਪਏ। ਰੇਲਵੇ ਸਟੇਯਨ ਤੇ ਸੈਂਕੜਿਆਂ ਦੀ ਤਾਦਾਦ ਵਿਚ ਲੋਕ ਇਕੱਠੇ ਹੋ ਗਏ। ਲੋਕਾਂ ਨੇ ਹਾਰਾਂ ਨਾਲ ਭਾਈ ਸਾਹਿਬ ਦੇ ਜੱਥੇ ਨੂੰ ਲੱਦ ਦਿੱਤਾ। ਹਰ ਬੰਦਾ ਕੋਈ ਨਾ ਕੋਈ ਤੋਹਫਾ ਲਿਆ ਰਿਹਾ ਸੀ ਤੇ ਉਹ ਤੋਹਫਿਆਂ ਨਾਲ ਵੀ ਇਕ ਪੰਡ ਬਝ ਗਈ। ਰੇਲਵੇ ਸਟੇਸ਼ਨ ਤੇ ਜੋ ਹੋਰ ਲੋਕ ਖੜ੍ਹੇ ਹੋਏ ਸਨ, ਉਹ ਵੇਖ ਕੇ ਹੈਰਾਨ ਹੋ ਰਹੇ ਸਨ ਕਿ ਵੇਖਣ ਵਿਚ ਇਹ ਬੰਦੇ ਤਾਂ ਮਾਮੂਲੀ ਜਿਹੇ ਲਗਦੇ ਹਨ ਪਰ ਇਤਨਾ ਸਤਿਕਾਰ! ਜਦੋਂ ਰੇਲ ਆ ਗਈ ਤੇ ਚਾਰ ਪੰਜ ਬੰਦਿਆਂ ਨੇ ਭਾਈ ਸਾਹਿਬ ਦਾ ਸਾਮਾਨ ਰੇਲ ਤੇ ਚੜ੍ਹਾ ਦਿੱਤਾ। ਚਾਰ ਸੱਜਣ ਨਾਲ ਹੀ ਰੇਲ ਵਿਚ ਬੈਠ ਗਏ। ਉਹ ਕਹਿਣ ਲੱਗੇ ਕਿ ਸਭਾ ਨੇ ਸਾਡੀ ਸੇਵਾ ਲਾਈ ਹੈ ਕਿ ਭਾਈ ਸਾਹਿਬ ਨੂੰ ਮੇਰਠ ਸੁਰੱਖਿਅਤ ਪਹੁੰਚਾ ਕੇ ਵਾਪਸ ਆਉਣਾ ਹੈ।

ਜਿਸ ਵੇਲੇ ਰੇਲ ਸਟੇਸ਼ਨ ਤੇ ਆ ਕੇ ਖਲੋ ਗਈ ਤਾਂ ਸੰਗਤਾਂ ਦੀਆਂ ਅੱਖਾਂ ਵਿਚ ਹੰਝੂ ਛਲਕ ਪਏ। ਸਭ ਇਹੀ ਸੋਚ ਰਹੇ ਸਨ ਕਿ ਇਹ ਸੁਰੀਲਾ ਤੇ ਰਸੀਲਾ ਕੀਰਤਨ ਹੁਣ ਸਾਨੂੰ ਕਿੱਥੋਂ ਲੱਭੇਗਾ। ਉਸ ਵੇਲੇ ਸਾਰਾ ਮਾਹੌਲ ਗ਼ਮਗ਼ੀਨ ਹੋ ਗਿਆ ਸੀ। ਇਤਨੇ ਲੋਕ ਸਟੇਸ਼ਨ ਤੇ ਹੁੰਦਿਆਂ ਹੋਇਆਂ ਵੀ ਸਟੇਸ਼ਨ ਤੇ ਚੁੱਪ ਦੀ ਸ਼ਾਂਤੀ ਛਾ ਗਈ ਸੀ। ਟਰੇਨ ਚੱਲ ਪਈ ਤੇ ਸਹਾਰਨਪੁਰ ਦੀ ਸੰਗਤ ਅੱਖਾਂ ਤੋਂ ਉਝਲ ਹੋ ਗਈ। ਭਾਈ ਕਰਮ ਸਿੰਘ ਜੀ ਵੀ ਭਰੇ ਹੋਏ ਮਨ ਕਾਰਨ ਕਿਤਨੀ ਦੇਰ ਚੁੱਪ ਕਰ ਕੇ ਬੈਠੇ ਰਹੇ। ਸੋਚਦੇ ਰਹੇ ਕਿ ਹੇ ਵਾਹਿਗੁਰੂ ਤੇ ਸਤਿਗੁਰੂ ਇਸ ਕੀਰਤਨ ਦੀ ਕ੍ਰਿਪਾ ਨਾਲ ਸਾਨੂੰ ਇਤਨਾ ਪ੍ਰੇਮ ਮਿਲੇਗਾ, ਮੈਂ ਤਾਂ ਕਦੇ ਸੁਪਨੇ ਵਿਚ ਵੀ ਨਹੀਂ ਸੀ ਸੋਚਿਆ ਤੇ ਇਹ ਸੋਚਦੇ ਸੋਚਦੇ ਹੀ ਟਰੇਨ ਮੇਰਠ ਕੈਂਟ ਸਟੇਸ਼ਨ ਤੇ ਪਹੁੰਚ ਗਈ। ਸ਼ਾਮ ਨੂੰ ਛੇ ਵਜੇ ਰੇਲ ਮੇਰਠ ਪਹੁੰਚ ਗਈ ਸੀ। ਭਾਈ ਸਾਹਿਬ ਦੇ ਨਾਲ ਆਏ ਸੱਜਣਾਂ ਨੇ ਸਾਮਾਨ ਸਾਰਾ ਟਰੇਨ ਤੋਂ ਲਾਹਿਆ ਆਟੋ ਵਿਚ ਰੱਖ ਕੇ ਸਾਰੇ ਗੁਰਦੁਆਰਾ ਸਿੰਘ ਸਭਾ ਥਾਪਰ ਨਗਰ ਪਹੁੰਚ ਗਏ। ਰਿਹਾਇਸ਼ ਵਾਲੇ ਕਮਰਿਆਂ ਵਿਚ ਸਾਮਾਨ ਰਖਵਾ ਦਿੱਤਾ। ਭਾਈ ਸਾਹਿਬ ਦੇ ਪਹੁੰਚਣ ਦੀ ਖਬਰ ਪ੍ਰਬੰਧਕ ਕਮੇਟੀ ਨੂੰ ਵੀ ਪਹੁੰਚ ਗਈ। ਸ: ਤੀਰਥ ਸਿੰਘ ਜੀ ਜਨਰਲ ਸਕੱਤਰ ਤੇ ਹੋਰ ਸੱਜਣ ਵੀ ਆ ਗਏ। ਕੁਛ ਸੰਗਤ ਵੀ ਆ ਗਈ ਤਾਂ ਪ੍ਰਬੰਧਕਾਂ ਨੇ ਪਹਿਲੇ ਚਾਹ ਪਾਣੀ ਨਾਲ ਨਾਸ਼ਤਾ ਕਰਵਾਇਆ ਉਸ ਤੋਂ ਬਾਅਦ ਲੰਗਰ ਤਿਆਰ ਕਰ ਕੇ ਛਕਾਇਆ ਤੇ ਫਿਰ ਜਿਹੜੇ ਸੱਜਣ ਭਾਈ ਸਾਹਿਬ ਦੇ ਨਾਲ ਆਏ ਸਨ, ਉਹਨਾਂ ਨੂੰ ਰਾਤ ਠਹਿਰਣ ਦਾ ਪ੍ਰਬੰਧ ਕੀਤਾ ਗਿਆ।

ਇਕ ਜੂਨ 1972 ਦਿਨ ਵੀਰਵਾਰ ਤੋਂ ਭਾਈ ਕਰਮ ਸਿੰਘ ਰਤਨ ਜੀ ਨੇ ਸਿੰਘ ਸਭਾ ਮੇਰਠ ਵਿਖੇ ਕੀਰਤਨ ਦੀ ਸੇਵਾ ਸ਼ੁਰੂ ਕਰ ਦਿੱਤੀ ਅਤੇ ਮੇਰਠ ਵਿਚ ਇਕ ਹੋਰ ਅਨੋਖੀ ਘਟਨਾ ਵਾਪਰ ਗਈ। ਮੇਰਠ ਵਿਚ ਜਦੋਂ ਪਹਿਲਾ ਸ਼ਨੀਵਾਰ 3 ਜੂਨ ਨੂੰ ਆਇਆ ਤਾਂ ਸਹਾਰਨਪੁਰ ਤੋਂ ਦਸ ਪੰਦਰਾਂ ਬੀਬੀਆਂ ਤੇ ਬੰਦੇ ਸ਼ਾਮ ਨੂੰ ਮੇਰਠ ਆ ਗਏ। ਮੇਰਠ ਦੇ ਪ੍ਰਬੰਧਕ ਸੱਜਣਾਂ ਨੇ ਉਹਨਾਂ ਤੋਂ ਪੁੱਛਿਆ ਕਿ ਆਪ ਜੀ ਕਿੱਥੋਂ ਅਤੇ ਕਿਸ ਤਰ੍ਹਾਂ ਆਏ ਹੋ ਤਾਂ ਉਹਨਾਂ ਨੇ ਦੱਸਿਆ ਕਿ ਇਹ ਸੰਗਤ ਸਹਾਰਨਪੁਰ ਤੋਂ ਭਾਈ ਕਰਮ ਸਿੰਘ ਰਤਨ ਜੀ ਦਾ ਕੀਰਤਨ ਸੁਣਨ ਵਾਸਤੇ ਆਈ ਹੈ ਅਤੇ ਅੱਜ ਰਾਤ ਅਤੇ ਸਵੇਰ ਦਾ ਕੀਰਤਨ ਸੁਣ ਕੇ ਸਾਰੇ ਵਾਪਸ ਚਲੇ ਜਾਣਗੇ। ਮੇਰਠ ਸਿੰਘ ਸਭਾ ਦੇ ਪ੍ਰਬੰਧ ਸੱਜਣਾਂ ਨੂੰ ਸੰਗਤ ਦੇ ਠਹਿਰਨ ਅਤੇ ਲੰਗਰ ਦਾ ਪ੍ਰਬੰਧ ਫਿਰ ਕਰਨਾ ਪਿਆ। ਇਸ ਗੱਲ ਦਾ ਮੇਰਠ ਦੀ ਪ੍ਰਬੰਧਕ ਕਮੇਟੀ ਤੇ ਸੰਗਤਾਂ ਦਾ ਬੜਾ ਪ੍ਰਭਾਵ ਪਿਆ। ਇਹ ਸਿਲਸਿਲਾ ਤਕਰਬੀਨ ਦੋ ਤਿੰਨ ਮਹੀਨੇ ਦੇ ਕਰੀਬ ਚਲਦਾ ਰਿਹਾ, ਹਰ ਸ਼ਨੀਵਾਰ ਨੂੰ ਸਹਾਰਨਪੁਰ ਤੋਂ ਸੰਗਤ ਆਉਂਦੀ ਤੇ ਰਤਨ ਜੀ ਦਾ ਕੀਰਤਨ ਸੁਣ ਕੇ ਐਤਵਾਰ ਵਾਪਸ ਚਲੀ ਜਾਂਦੀ। ਇਸ ਕਾਰਨ ਰਤਨ ਜੀ ਦਾ ਸਤਿਕਾਰ ਮੇਰਠ ਦੀ ਸੰਗਤ ਵਿਚ ਬਹੁਤ ਵਧ ਗਿਆ।

ਭਾਈ ਕਰਮ ਸਿੰਘ ਰਤਨ ਜੀ ਦੇ ਨਾਲ ਭਾਈ ਮੋਹਨ ਸਿੰਘ ਘਾਇਲ ਤਬਲੇ ਤੇ ਪੂਰਾ ਸਾਥ ਦੇ ਰਹੇ ਸਨ। ਆਪ ਜੀ ਦਾ ਕੰਮ ਅਤੇ ਮਨ ਦੋਵੇਂ ਹੀ ਦਿਲ ਮੋਹਨ ਵਾਲੇ ਸਨ। ਬਹੁਤ ਹੀ ਮਿਲਾਪੜੇ ਸੱਜਣ ਸਨ। ਦੂਜੇ ਸਾਥੀ ਭਾਈ ਅਵਤਾਰ ਸਿੰਘ ਜੀ ਸਹਾਇਕ ਰਾਗੀ ਦੀ ਆਵਾਜ਼ ਬਹੁਤ ਹੀ ਮਿੱਠੀ ਸੀ। ਉਹ ਭਾਈ ਕਰਮ ਸਿੰਘ ਨਾਲ ਪੂਰਾ ਪੂਰਾ ਸਾਥ ਦੇਂਦੇ ਸਨ। ਜੇ ਕਿਤੇ ਭਾਈ ਸਾਹਿਬ ਨੇ ਬਾਹਰ ਜਾਣਾ ਹੋਵੇ ਤਾਂ ਭਾਈ ਅਵਤਾਰ ਸਿੰਘ ਜੀ ਇਕਲੇ

ਹੀ ਕੀਰਤਨ ਕਰ ਲੈਂਦੇ ਸਨ।

ਭਾਈ ਮੋਹਨ ਸਿੰਘ ਜੀ ਦੇ ਕੁਝ ਘਰ ਦੇ ਹਾਲਾਤ ਐਸੇ ਹੋ ਗਏ ਸਨ। ਉਹਨਾਂ ਨੇ ਭਾਈ ਕਰਮ ਸਿੰਘ ਨੂੰ ਕਹਿ ਦਿੱਤਾ ਕਿ ਮੈਂ ਘਰ ਚਲੇ ਜਾਣਾ ਹੈ, ਮਜਬੂਰੀ ਹੈ। ਸੋ ਤੁਸੀਂ ਕੋਈ ਤਬਲੇ ਵਾਲੇ ਦਾ ਪ੍ਰਬੰਧ ਕਰ ਲਵੋ। ਕੁਝ ਦਿਨਾਂ ਬਾਅਦ ਕੁਦਰਤੀ ਭਾਈ ਕਰਮ ਸਿੰਘ ਜੀ ਦਾ ਛੋਟਾ ਭਰਾ ਮੇਰਠ ਆ ਗਿਆ। ਉਹ ਥੋੜ੍ਹਾ ਬਹੁਤ ਗੁਜ਼ਾਰੇ ਜੋਗਾ ਤਬਲਾ ਵਜਾ ਲੈਂਦਾ ਸੀ। ਭਾਈ ਸਾਹਿਬ ਨੇ ਆਪਣੇ ਨਾਲ ਤਬਲੇ ਤੇ ਲਾ ਲਿਆ ਤੇ ਨਾਲੇ ਉਹਨਾਂ ਨੂੰ ਮਾਸਟਰ ਮਹੇਸ਼ ਚੰਦਰ ਮੇਰਠ ਵਾਲੇ ਤੋਂ ਤਬਲਾ ਸਿੱਖਾਉਣਾ ਸ਼ੁਰੂ ਕਰ ਦਿੱਤਾ ਤੇ ਹੌਲੇ ਹੌਲੇ ਆਪ ਜੀ ਦਾ ਰਾਗੀ ਜੱਥਾ ਮੇਰਠ ਵਿਚ ਮਸ਼ਹੂਰ ਹੋ ਗਿਆ।

ਇਕ ਦਿਨ, ਅਜਮੇਰ ਤੋਂ ਗੰਜ ਗੁਰਦੁਆਰੇ ਦੇ ਸਕੱਤਰ ਸਾਹਿਬ ਕਿਸੇ ਰਿਸ਼ਤੇਦਾਰ ਦੇ ਵਿਆਹ ਦੇ ਸੰਬੰਧ ਵਿਚ ਮੇਰਠ ਆਏ ਸਨ। ਇਕ ਦਿਨ ਉਹ ਸਿੰਘ ਸਭਾ ਸਵੇਰੇ ਮੱਥਾ ਟੇਕਣ ਆਏ। ਭਾਈ ਕਰਮ ਸਿੰਘ ਕੀਰਤਨ ਕਰ ਰਹੇ ਸਨ। ਉਹ ਸੁਣ ਕੇ ਬੈਠ ਗਏ। ਦੂਜੇ ਦਿਨ ਫਿਰ ਆ ਕੇ ਉਹਨਾਂ ਨੇ ਕੀਰਤਨ ਸੁਣਿਆ। ਉਹ ਬਹੁਤ ਮੁਤਾਸਿਰ ਹੋਏ ਤੇ ਉਹਨਾਂ ਨੇ ਭਾਈ ਕਰਮ ਸਿੰਘ ਨੂੰ ਕਿਹਾ ਕਿ ਭਾਈ ਸਾਹਿਬ ਜੀ, ਗੁਰੂ ਨਾਨਕ ਸਾਹਿਬ ਦੇ ਪ੍ਰਕਾਸ਼ ਪੁਰਬ ਤੇ ਸਾਨੂੰ ਅਜਮੇਰ ਵਿਖੇ ਦਰਸ਼ਨ ਦਿਉ ਤੇ ਕੀਰਤਨ ਸੁਣਾਉ। ਭਾਈ ਸਾਹਿਬ ਜੀ ਨੇ ਪ੍ਰਵਾਨਗੀ ਦੇ ਦਿੱਤੀ। ਇਸ ਤਰ੍ਹਾਂ 1972 ਦਾ ਗੁਰੂ ਨਾਨਕ ਪੁਰਬ ਅਜਮੇਰ ਗੰਜ ਗੁਰਦੁਆਰੇ ਬੁੱਕ ਹੋ ਗਿਆ। ਏਸੇ ਤਰ੍ਹਾਂ ਇਕ ਦਿਨ ਇਕ ਪ੍ਰੇਮੀ ਕਿਸੇ ਬਿਜਨਸ ਦੇ ਕੰਮ ਕਾਰਨ ਕਾਨਪੁਰ ਤੋਂ ਮੇਰਠ ਆਇਆ। ਦੋ ਦਿਨ ਸਵੇਰੇ ਉਸ ਨੇ ਆਸਾ ਦੀ ਵਾਰ ਦਾ ਕੀਰਤਨ ਸੁਣਿਆ ਤੇ ਦੂਸਰੇ ਦਿਨ ਉਹ ਦੀਵਾਨ ਦੀ ਸਮਾਮਤੀ ਤੋਂ ਬਾਅਦ ਮਿਲੇ ਤੇ ਕਹਿਣ ਲੱਗੇ ਭਾਈ ਸਾਹਿਬ ਜੀ ਦਾ ਕੀਰਤਨ ਦਾ ਆਨੰਦ ਆ ਗਿਆ ਹੈ। ਕਹਿਣ ਲੱਗੇ ਭਾਈ ਸਾਹਿਬ ਜੀ ਕਦੇ ਕਾਨਪੁਰ ਦਰਸ਼ਨ ਦਿਉ। ਅਸੀਂ ਕਾਨਪੁਰ (ਗੋਬਿੰਦ ਨਗਰ) ਰਹਿੰਦੇ ਹਾਂ ਤੇ ਅਸੀਂ ਉਥੇ ਹਰ ਗੁਰਪੁਰਬ ਤੋਂ ਬਾਅਦ ਜੋ ਐਤਵਾਰ ਆਉਂਦਾ ਹੈ, ਉਦੋਂ ਮਨਾਉਂ ਹਾਂ। ਜੇ ਤੁਸੀਂ ਆ ਸਕਦੇ ਹੋ ਤਾਂ ਦੱਸੋ ਤਾਂ ਭਾਈ ਕਰਮ ਸਿੰਘ ਨੇ ਕਿਹਾ, ਅਸੀਂ ਗੁਰਪੁਰਬ ਵਾਲੇ ਦਿਨ ਅਜਮੇਰ ਜਾਣਾ ਹੈ। ਉਥੋਂ ਕੀਰਤਨ ਕਰ ਕੇ ਸਿੱਧੇ ਕਾਨਪੁਰ ਆ ਜਾਵਾਂਗੇ। ਇਸ ਤਰ੍ਹਾਂ ਗੁਰੂ ਨਾਨਕ ਪਾਤਸ਼ਾਹ ਦਾ ਪ੍ਰਕਾਸ਼ ਪੁਰਬ ਅਜਮੇਰ ਅਤੇ ਕਾਨਪੁਰ ਦੋਹਾਂ ਥਾਵਾਂ ਤੇ ਬੁੱਕ ਹੋ ਗਿਆ।

ਮੇਰਠ ਡੀਊਟੀ ਕਰਦਿਆਂ ਹਾਲੇ ਕੁਝ ਦਿਨ ਹੀ ਹੋਏ ਸਨ. ਕਿ ਸਹਾਰਨਪੁਰ ਤੋਂ ਮਾਸਟਰ ਕੰਵਲ ਭਾਨ ਜੀ ਦੀ ਚਿੱਠੀ ਆ ਗਈ ਕਿ 15 ਜੂਨ 1972 ਨੂੰ ਆਪ ਦਾ ਪੇਪਰ ਹੈ, ਸੋ 15 ਤਰੀਕ 10 ਵਜੇ ਤੁਸੀਂ ਮੇਰੇ ਸਕੂਲ ਪਹੁੰਚ ਜਾਣਾ। ਪੇਪਰ ਦੇਣ ਲਈ ਤੇ ਭਾਈ ਕਰਮ ਜੀ 14 ਜੂਨ ਨੂੰ ਸ਼ਾਮ ਨੂੰ ਹੀ ਮਾਸਟਰ ਕੰਵਲ ਭਾਨ ਦੇ ਘਰ ਪੇਪਰ ਦੇਣ ਲਈ ਪਹੁੰਚ ਗਏ ਅਤੇ 10.30 ਵਜੇ ਪੇਪਰ ਸ਼ੁਰੂ ਹੋ ਗਿਆ।ਜੇਹੜੇ ਐਗਜ਼ਾਮੀਨਰ ਆਏ ਸਨ ਉਹ ਬਰੇਲੀ ਤੋਂ ਆਏ ਸਨ। ਪਹਿਲੇ ਉਹਨਾਂ ਨੇ ਭਾਂ ਕਰਮ ਸਿੰਘ ਤੋਂ ਸੰਗੀਤ ਬਾਰੇ ਸਾਰੀ ਜਾਣਕਾਰੀ ਲਈ ਤੇ ਰਾਗਾਂ ਤਾਲਾਂ ਬਾਰੇ ਪੁਛਿੱਆ। ਫਿਰ ਲਿਖਤ ਵਿਚ ਪੇਪਰ ਦੇਣ ਲਈ ਕਿਹਾ ਤੇ ਭਾਈ ਸਾਹਿਬ ਜੀ ਨੇ ਲਿਖਤ ਵਿਚ ਪੇਪਰ ਲਿਖ ਕੇ ਦੇ ਦਿਤਾ, ਅਤੇ ਉਸ ਤੋਂ ਬਾਦ ਮਾਸਟਰ ਨੇ, ਆਪਣੀ ਮਰਜ਼ੀ ਦਾ ਰਾਗ ਸੁਨਾਣ ਲਈ ਕਿਹਾ, ਤਾਂ ਭਾਈ ਸਾਬ ਜੀ ਨੇ ਰਾਗ ਭੈਰਵੀ ਗਾਅ ਕੇ ਸੁਣਾਇਆ, ਤੇ ਫਿਰ ਇਕ ਦੋ ਹੋਰ ਰਾਗ ਸੁਣਾਏ।ਪੇਪਰ ਦੇ ਕੇ ਭਾਈ ਕਰਮ ਸਿੰਘ ਜੀ ਮੇਰਠ ਆ ਗਏ। ਅਤੇ ਤਿਨ ਮਹੀਨੇ ਬਾਦ ਫਿਰ ਆਪ ਜੀ ਨੂੰ ਬੀ.ਏ. ਫ਼ਸਟ ਡਵੀਜ਼ਨ ਦਾ ਪ੍ਰਮਾਣ ਪੱਤਰ ਪ੍ਰਾਪਤ ਹੋ ਗਿਆ।ਇਸ ਤਰ੍ਹਾਂ ਜੀ ਦੀ ਸੰਗੀਤਕ ਵਿਦਵਤਾ ਤੇ ਵੱਲੋਂ ਪੱਕੀ ਮੋਹਰ ਲਗ ਗਈ।

1972 ਨਵੰਬਰ ਵਿਚ ਗੁਰੂ ਨਾਨਕ ਸਾਹਿਬ ਜੀ ਦਾ ਪ੍ਰਕਾਸ਼ ਪੁਰਬ ਤੇ ਜਾਣ ਲਈ ਰਤਨ ਜੀ ਨੇ ਪ੍ਰੋ:ਮੋਹਨ ਸਿੰਘ ਪਟਿਆਲੇ ਵਾਲਿਆਂ ਨੂੰ ਤਬਲੇ ਵਾਸਤੇ ਬੁਲਾ ਗਿਆ, ਕਿਉਂਕਿ ਭਈ ਹਰਚਰਨ ਸਿੰਘ ਹਾਲੇ ਥੋਹੜਾ ਢਿੱਲਾ ਸੀ ਤਬਲਾ ਵਜਾਣ ਵਿਚ ਤੇ ਭਾ:ਹਰਚਰਨ ਸਿੰਘ ਨੂੰ ਨਾਲ ਤਾਨਪੂਰਾ ਦੇ ਕੇ ਬਿਠਾ ਗਿਆ ਅਤੇ ਆਪ ਜੀ ਚਾਰ ਮੈਂਬਰਾਂ

ਦਾ ਜੱਥਾ ਅਜਮੇਰ ਗੰਜ ਗੁਰਦੁਆਰੇ ਪਹੁੰਚ ਗਿਆ ਅਤੇ ਅਜਮੇਰ ਵਿਚ ਤਿੰਨ ਦਿਨ ਐਸਾ ਪ੍ਰਭਾਵਸ਼ਾਲੀ ਕੀਰਤਨ ਕੀਤਾ ਕਿ ਆਪ ਜੀ ਅਜਮੇਰ ਦੀ ਸੰਗਤ ਦੇ ਦਿਲਾਂ ਤੇ ਛਾ ਗਏ।ਉਥੋਂ ਹੀ ਰੇਲ ਰਾਹੀਂ ਕਾਨਪੁਰ ਲਈ ਚਲ ਪਏ। ਸ਼ੁਕਰਵਾਰ ਨੂੰ ਕਾਨਪੁਰ ਗੋਬਿੰਦ ਨਗਰ ਗੁਰਦੁਆਰਾ ਸਿੰਘ ਸਭਾ ਪਹੁੰਚ ਗਏ।ਭਾਈ ਕਰਮ ਸਿੰਘ ਜੀ ਪਹਿਲੇ ਗੁਰਦੁਆਰਾ ਸਿੰਘ ਸਭਾ ਲਾਟੂਸ ਰੋਡ ਰਹਿ ਚੁਕੇ ਸਨ। ਇਸ ਲਈ ਜਦੋਂ ਪੁਰਾਣੇ ਦੋਸਤਾਂ ਨੂੰ ਪਤਾ ਲੱਗਾ ਤੇ ਉਹ ਵੀ ਮਿਲਣ ਵਾਸਤੇ ਤੇ ਕੀਰਤਨ ਸੁਣਨ ਵਾਸਤੇ ਪਹੁੰਚ ਗਏ, ਤੇ ਕੀਰਤਨ ਸੁਣ ਕੇ ਸਾਰੇ ਖੁਸ਼ ਹੋਏ।ੇ ਇਸ ਤਰਾਂ ਦੋਹਾਂ ਸਥਾਨਾਂ ਤੇ ਸੰਗਤਾਂ ਨੂੰ ਕੀਰਤਨ ਨਾਲ ਨਿਹਾਲ ਕਰ ਕੇ ਵਾਪਸ ਮੇਰਠ ਆ ਗਏ।

ਮਸਕੀਨ ਸਾਹਿਬ ਜੀ ਦੇ ਨਾਲ ਮਿਲਾਪ---ਦਸੰਬਰ 1972 ਵਿਚ ਆਪ ਜੀ ਦਾ ਮਿਲਾਪ 'ਪੰਥ ਰਤਨ' ਸਿੱਖ ਕੌਮ ਦੀ ਮਹਾਨ ਹਸਤੀ ਗਿਆਨੀ ਸੰਤ ਸਿੰਘ ਮਸਕੀਨ ਸਾਹਿਬ ਜੀ ਦੇ ਨਾਲ ਹੋ ਗਿਆ। ਹੋਇਆ ਇਸ ਤਰ੍ਹਾਂ ਕਿ ਮੇਰਠ ਦੀ ਸੰਗਤ ਨੇ ਦਿਲੀ ਜਾ ਕੇ, ਮਸਕੀਨ ਸਾਹਿਬ ਜੀ ਨੂੰ ਮਿਲ ਕੇ ਮੇਰਠ ਵਿਚ ਕੁੱਛ ਦਿਨ ਕਥਾ ਸੁਨਾਣ ਲਈ ਉਹਨਾਂ ਤੋਂ ਸਮਾਂ ਲੈ ਲਿਆ। ਮਸਕੀਨ ਜੀ ਜਿੱਥੇ ਵੀ ਜਾਂਦੇ ਸਨ, ਉਹ ਪ੍ਰਬੰਧਕਾਂ ਨੂੰ ਪਹਿਲੇ ਹੀ ਕਹਿ ਦੇਂਦੇ ਸਨ, ਕਿ ਅਸੀਂ ਗੁਰਦੁਆਰੇ ਹੀ ਠਹਿਰਾਂਗੇ, (ਕਿਸੇ ਦੇ ਘਰ ਯਾ ਹੋਟਲ ਵਿਚ ਨਹੀਂ ਠਹਿਰਾਂਗੇ)।ਮੇਰਠ ਵਿੱਚ ਉਹਨਾਂ ਦਾ ਪੰਜ ਦਿਨ ਦਾ ਸਮਾਗਮ ਸੀ, ਸੋ ਮਸਕੀਨ ਜੀ ਦਸੰਬਰ ਦੇ ਮਹੀਨੇ ਵਿਚ ਮੇਰਠ ਸਿੰਘ ਸਭਾ ਥਾਪਰ ਨਗਰ ਆ ਗਏ, ਅਤੇ ਕਮੇਟੀ ਨੇ ਉਹਨਾਂ ਦੇ ਪ੍ਰੋਗਰਾਮ ਇਸ ਤਰਾਂ ਬਣਾਏ, ਕਿ ਸਵੇਰ ਦੀ ਕਥਾ ਆਪ ਜੀ ਸਿੰਘ ਸਭਾ ਕਰਦੇ ਅਤੇ ਰਾਤ ਦੀ ਕਥਾ ਆਪ ਜੀ ਗੁਰਦੁਆਰਾ ਸਤਸੰਗ ਸਦਰ ਬਾਜ਼ਾਰ ਕਰਦੇ। ਦੋਹਾਂ ਹੀ ਥਾਵਾਂ ਤੇ ਮਸਕੀਨ ਜੀ ਦੀ ਕਥਾ ਤੋਂ ਪਹਿਲੇ, ਭਾਈ ਕਰਮ ਸਿਘ ਰਤਨ ਜੀ ਕੀਰਤਨ ਕਰਦੇ ਸਨ। ਸਿੰਘ ਸਭਾ ਠਹਿਰਨ ਕਾਰਣ, ਰਤਨ ਜੀ ਨੂੰ ਮਸਕੀਨ ਸਾਹਿਬ ਜੀ ਦੀ ਸੇਵਾ ਕਰਨ ਦਾ ਸੁਭਾਗ ਪ੍ਰਾਪਤ ਹੋ ਗਿਆ। ਜਿਸ ਦਿਨ ਮਸਕੀਨ ਜੀ ਨੇ ਵਾਪਸ ਜਾਣਾ ਸੀ ਉਸ ਦਿਨ ਉਹਨਾਂ ਰਤਨ ਜੀ ਨੂੰ ਆਪਣੇ ਕਮਰੇ ਵਿਚ ਬੁਲਾਇਆ ਤੇ ਕਹਿਣ ਲਗੇ, ਰਤਨ ਜੀ ਤੁਹਾਡੇ ਕੀਰਤਨ ਵਿਚ ਬਹੁਤ ਰਸ ਅਤੇ ਆਨੰਦ ਹੈ, ਅਸੀਂ ਮਾਰਚ ਦੇ ਮਹੀਨੇ ਵਿਚ ਅਲਵਰ ਵਿਖੇ ਇਕ ਗੁਰਮਤ ਸਮਾਗਮ ਕਰਦੇ ਹਾਂ, ਤੇ ਇਸ ਵਾਰ ਤੁਸੀਂ ਵੀ ਉਸ ਸਮਾਗਮ ਵਿਚ ਹਿਸਾ ਲਵੋ।ਰਤਨ ਜੀ ਨੇ ਉਸ ਸਮਾਗਮ ਬਾਰੇ ਸੁਣ ਤਾਂ ਰਖਿਆ ਸੀ, ਪਰ ਵੇਖਿਆ ਨਹੀ਼ ਸੀ, ਮਸਕੀਨ ਜੀ ਦੇ ਕਹਿਣ ਤੇ ਉਹਨਾਂ ਨੇ ਹਾਂ ਕਰ ਦਿੱਤੀ।ਮਸਕੀਨ ਜੀ ਨੇ ਕਿਹਾ ਕਿ ਠੀਕ ਹੈ, ਅਸੀਂ ਤੁਹਾਡਾ ਨਾਮ ਇਸ ਵਾਰ ਇਸ਼ਤਿਹਾਰ ਵਿਚ ਦੇ ਦੇਵਾਂਗੇ, ਤੇ ਤੁਸੀਂ ਆ ਜਾਣਾ। ਰਤਨ ਜੀ ਨੇ ਸਤਿਗੁਰਾਂ ਦਾ ਸ਼ੁਕਰ ਕੀਤਾ ਕਿ ਉਹਨਾਂ ਦੇ ਕੀਰਤਨ ਨੂੰ ਇਕ ਹੋਰ ਗਵਾਹੀ ਮਿਲ ਗਈ ਵਧੀਆ ਕੀਰਤਨ ਦੀ ਕਿ ਜਦੋਂ ਮਸਕੀਨ ਜੀ ਨੇ ਪ੍ਰਸੰਨ ਹੋ ਕੇ ਇਹਨਾਂ ਨੂੰ ਅਲਵਰ ਸਮਾਗਮ ਦਾ ਸੱਦਾ ਦੇ ਦਿਤਾ।ਇਸ ਤਰ੍ਹਾਂ ਭਾ: ਕਰਮ ਸਿੰਘ ਜੀ ਮੇਰਠ ਵਿਖੇ ਲਗਾਤਾਰ ਕੀਰਤਨ ਦੀ ਸੇਵਾ ਕਰਦੇ ਰਹੇ ਅਤੇ ਜਦ੍ਹੋਂ ਕੋਈ ਬਾਹਰੋਂ ਪ੍ਰੋਗਰਾਮ ਆਵੇ ਓਥੇ ਵੀ ਜਾਂਦੇ ਸਨ ਅਤੇ ਸਭਾ ਵਲੋਂ ਵੀ ਆਪ ਜੀ ਨੂੰ ਬਾਹਰ ਜਾਣ ਤੇ ਕੋਈ ਵੀ ਪਾਬੰਦੀ ਨਹੀਂ ਸੀ।ਉਸ ਤੋਂ ਬਾਦ 1973 ਦੇ ਫਰਵਰੀ ਮਹੀਨੇ ਵਿਚ ਅੰਬਾਲਾ ਛਾਉਂਣੀ ਤੇ ਇੱਕ ਕੀਰਤਨ ਦਰਬਾਰ ਲਈ ਸੱਦਾ ਆਇਆ ਤੇ ਅੰਬਾਲਾ ਛਾਉਣੀ ਵਿਚ ਜੀ.ਟੀ. ਰੋਡ ਤੇ ਸ੍ਰ: ਇੰਦਰ ਸਿੰਘ ਗੁਲਾਟੀ ਵੱਲੋਂ ਇਕ ਗੁਰੂ ਗ੍ਰੰਥ ਸਾਹਿਬ ਭਵਨ ਬਣਾਇਆ ਗਿਆ ਸੀ, ਜਿੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੀ ਛਪਾਈ ਹੋਣੀ ਸੀ, ਉਸ ਦੇ ਉਦਘਾਟਨ ਵਾਲੇ ਉਥੇ ਕੀਰਤਨ ਦਰਬਾਰ ਰਖਿਆ ਗਿਆ ਸੀ, ਉਸ ਕੀਰਤਨ ਦਰਬਾਰ ਵਿਚ ਕੀਰਤਨ ਕਰਨ ਵਾਸਤੇ ਭਾਈ ਕਰਮ ਸਿੰਘ ਰਤਨ ਜੀ ਨੂੰ ਸੱਦਾ ਆਇਆ ਸੀ ਤੇ ਉਥੇ ਵੀ ਆਪ ਜੀ ਨੇ ਪ੍ਰਭਾਵਸ਼ਾਲੀ ਕੀਰਤਨ ਕੀਤਾ, ਤੇ ਸ: ਇੰਦਰ ਸਿੰਘ ਗੁਲਾਟੀ ਜੀ ਨੇ ਆਪ ਜੀ ਦਾ ਬਹੁਤ ਸਤਿਕਾਰ ਕੀਤਾ।

1973 ਦੇ ਮਾਰਚ ਦੀ ਪਹਿਲੀ ਤਰੀਕ ਨੂੰ ਆਪ ਜੀ ਆਪਣੇ ਜਥੇ ਸਮੇਤ ਮੇਰਠ ਤੋਂ ਬੱਸ ਰਾਹੀਂ ਅਲਵਰ ਪਹੁੰਚ ਗਏ। ਮਸਕੀਨ ਜੀ ਨੇ ਆਪ ਜੀ ਦਾ ਬਹੁਤ ਆਦਰ ਸਨਮਾਨ ਕੀਤਾ। ਆਪ ਜੀ ਦੀ ਰਿਹਾਇਸ਼ ਸ:ਅਜੀਤ ਸਿੰਘ ਬੇਦੀ ਜੀ ਦੇ ਘਰ ਕਰਵਾਈ। ਆਪ ਜੀ ਦਾ ਪ੍ਰਵਾਰ ਬਹੁਤ ਸੇਵਾ ਭਾਵਨਾ ਵਾਲਾ ਪ੍ਰਵਾਰ ਸੀ ਅਗਲੇ ਦਿਨ ਆਪ ਜੀ ਜਥੇ ਸਮੇਤ

ਮਸਕੀਨ ਸਾਹਿਬ ਜੀ ਦੇ ਘਰ ਮਹਲਾ ਸੀਸ ਗਰਾਂ ਵਿਖੇ ਪਹੁੰਚ ਗਏ, ਉਸ ਸਮੇਂ ਮਸਕੀਨ ਸਾਹਿਬ ਜੀ ਦੇ ਘਰ ਹੀ ਸਮਾਗਮ ਸਤਸੰਗ ਹੋਇਆ ਕਰਦਾ ਸੀ। ਮਸਕੀਨ ਸਾਹਿਬ ਜੀ ਨੇ ਪਹਿਲੇ ਦਿਨ ਹੀ ਆਪ ਜੀ ਦੇ ਜਥੇ ਨੂੰ ਆਸਾ ਦੀ ਵਾਰ ਦਾ ਕੀਰਤਨ ਕਰਨ ਦਾ ਹੁਕਮ ਕੀਤਾ ਤਾਂ ਭਾਈ ਕਰਮ ਸਿੰਘ ਜੀ ਨੇ ਬੜੇ ਪ੍ਰੇਮ ਨਾਲ ਆਸਾ ਦੀ ਵਾਰ ਦਾ ਕੀਰਤਨ ਕੀਤਾ। ਸਮਾਪਤੀ ਤੋਂ ਬਾਅਦ ਰਤਨ ਜੀ ਨੂੰ ਮਸਕੀਨ ਜੀ ਨੇ ਕਮਰੇ ਵਿਚ ਬੁਲਾ ਲਿਆ ਤੇ ਬੜੇ ਪ੍ਰੇਮ ਨਾਲ ਮਸਕੀਨ ਜੀ ਕਹਿਣ ਲਗੇ, ਰਤਨ ਜੀ, ਮੁਆਫ਼ ਕਰਨਾ, ਜੋ ਕੀਰਤਨ ਦਾ ਅਨੰਦ ਤੁਹਾਡਾ ਮੇਰਠ ਵਿਚ ਆਇਆ ਸੀ ਅੱਜ ਉਹ ਅਨੰਦ ਕਿਧਰੇ ਖੋਅ ਗਿਆ ਹੈ, ਉਹ ਰਸ ਅਜ ਤੁਸੀਂ ਕਿਧਰੇ ਛੁਪਾ ਲਿਆ ਹੈ, ਸਾਨੂੰ ਮੇਰਠ ਵਰਗਾ ਕੀਰਤਨ ਸੁਣਾਓ ਜੋ ਉਥੇ ਸੁਣਾਇਆ ਸੀ, ਤਾਂ ਰਤਨ ਜੀ ਨੇ ਹਥ ਜੋੜ ਕੇ ਬੇਨਤੀ ਕੀਤੀ, ਮਸਕੀਨ ਜੀ, ਉੱਥੇ ਤਾਂ ਅਸੀਂ ਲਾਈਟ ਰੀਤਾਂ ਵਿੱਚ ਕੀਰਤਨ ਕਰਦੇ ਸੀ ਏਥੇ ਅਸੀ਼ ਸੰਤਾਂ ਮਹਾਂ ਪੁਰਸ਼ਾਂ ਦਾ ਅਸਥਾਨ ਸਮਝ ਕੇ, ਪੁਰਾਤਨ ਟਕਸਾਲੀ ਰੀਤਾਂ ਕਲਾਸੀਕਲ ਵਿਚ ਗਾਈਆਂ ਹਨ। ਮਸਕੀਨ ਜੀ ਨੇ ਕਿਹਾ, ਕਿ ਜੇਕਰ ਰਸ ਤੇ ਆਨੰਦ ਨਾਂ ਆਵੇ, ਤਾਂ ਕੀਰਤਨ ਕਾਹਦਾ ਹੈ ਤੁਸੀਂ ਜੋ ਵੀ ਗਾਓ ਜਿਨਾਂ ਵੀ ਗਾਓ, ਉਸ ਵਿਚ ਰਸ ਤੇ ਅਨੰਦ ਆਉਣਾ ਚਾਹੀਦਾ ਹੈ। ਉਸ ਤੋਂ ਬਾਅਦ ਰਤਨ ਜੀ ਨੇ ਜਿਤਨੇ ਵੀ ਕੀਰਤਨ ਕੀਤੇ, ਹਰ ਕੀਤਰਨ ਵਿਚ ਨਵਾਂ ਹੀ ਆਨੰਦ ਆਇਆ। ਸਮਾਗਮ ਦੇ ਅਖੀਰਲੇ ਦਿਨ, ਮਸਕੀਨ ਜੀ ਨੇ ਸੰਗਤ ਵਿਚ ਕਿਹਾ ਕਿ ਇਸ ਵਾਰ ਭਾ: ਕਰਮ ਸਿੰਘ ਰਤਨ ਜੀ ਦੇ ਰਾਗੀ ਜਥੇ ਨੇ ਕੀਰਤਨ ਕਰ ਕੇ ਸਭ ਦਾ ਮਨ ਮੋਹ ਲਿਆ ਹੈ, ਇਸ ਲਈ ਅਸੀਂ ਇਹ ਫੈਸਲਾ ਕੀਤਾ ਹੈ, ਕਿ ਅੱਗੇ ਤੋਂ ਇਹਨਾ ਦਾ ਰਾਗੀ ਜਥਾ ਸਦਾਂ ਹੀ ਸਾਡੇ ਕਾਫਿਲੇ ਨਾਲ ਚਲੇਗਾ, ਅਤੇ ਸਾਡੇ ਹਰ ਪ੍ਰੋਗਰਾਮ ਵਿਚ ਇਹ ਸ਼ਾਮਿਲ ਰਹਿਣਗੇ। ਬਸ ਫੇਰ ਕੀ ਸੀ ਰਤਨ ਜੀ, ਮਸਕੀਨ ਸਾਹਿਬ ਦੇ ਹੋ ਗਏ, ਤੇ ਮਸਕੀਨ ਜੀ ਰਤਨ ਜੀ ਦੇ ਹੋ ਗਏ, ਅਤੇ ਇਸ ਮਿਲਾਪ ਦਾ ਸਾਥ ਸੰਨ 1972 ਤੋਂ ਲੈ ਕੇ, ਮਸਕੀਨ ਸਾਹਿਬ ਜੀ ਦੇ ਅੰਤ ਸਮੇਂ ਤਕ ਸੰਨ 2005 ਤਕ ਤਕਰੀਬਨ 33 ਸਾਲ ਤਕ ਬਣਿਆ ਰਹਿਆ। ਸਾਰੀ ਉਮਰ ਮਸਕੀਨ ਜੀ ਨਾਲ ਸੰਪਰਕ ਬਣਿਆ ਰਹਿਆ। ਆਪ ਜੀ ਜਿੱਥੇ ਵੀ ਹੋਣ ਮਸਕੀਨ ਜੀ ਦੇ ਸੰਪਰਕ ਵਿਚ ਰਹਿੰਦੇ ਸਨ ਤੇ ਜਿੱਥੇ ਵੀ ਮਸਕੀਨ ਜੀ ਚਾਹੁਣ ਆਪ ਜੀ ਨੂੰ ਤੁਰੰਤ ਫੋਨ ਕਰ ਕੇ ਬੁਲਾ ਲੈਂਦੇ ਸਨ। ਭਾਵੇਂ ਬਹੁਤ ਸਾਰੇ ਜੱਥੇ ਮਸਕੀਨ ਜੀ ਦੇ ਸੰਪਰਕ ਵਿਚ ਸਨ ਪਰ ਮਸਕੀਨ ਜੀ ਦੇ ਜਿਤਨੇ ਵੀ ਨਿਜੀ ਪ੍ਰੋਗਰਾਮ, ਜਿਵੇਂ ਕੋਈ ਸ਼ਾਦੀ ਜਾਂ ਕੋਈ ਹੋਰ ਖੁਸ਼ੀ ਗ਼ਮੀ ਦੇ ਪ੍ਰੋਗਰਾਮ ਹੋਣ, ਉਹਨਾਂ ਪ੍ਰੋਗਰਾਮਾਂ ਤੇ ਮਸਕੀਨ ਜੀ ਰਤਨ ਜੀ ਨੂੰ ਹੀ ਬੁਲਾਉਂਦੇ ਸਨ ਅਤੇ ਮਸਕੀਨ ਜੀ ਦੇ ਸਾਰੇ ਬੱਚਿਆਂ ਦੀਆਂ ਸ਼ਾਦੀਆਂ ਤੇ ਵੀ ਰਤਨ ਜੀ ਨੇ ਹੀ ਕੀਰਤਨ ਕੀਤੇ ਤੇ ਰਤਨ ਜੀ ਨੇ ਮਸਕੀਨ ਜੀ ਦੇ ਨਾਲ ਰਹਿ ਕੇ ਦੇਸ਼ ਅਤੇ ਵਿਦੇਸ਼ਾਂ ਵਿਚ ਕੀਰਤਨ ਦੀਆਂ ਝੜੀਆਂ ਲਾਈ ਰੱਖੀਆਂ, ਜਿਹਨਾਂ ਵਿਚ ਭਾਰਤ ਦੇ ਸ਼ਹਿਰ ਅਵਲਰ ਤੋਂ ਲੈ ਕੇ, ਜੋਧਪੁਰ, ਜੈਪੁਰ, ਉਦੇਪੁਰ, ਅਜਮੇਰ, ਅਹਿਮਦਾਬਾਦ, ਮੁੰਬਈ, ਉਲਹਾਸ ਨਗਰ, ਬੰਗਲੌਰ, ਚੇਨਈ, ਵਿਜੇਵਾੜਾ, ਨਾਗਪੁਰ, ਬਿਲਾਸਪੁਰ, ਰਾਏਪੁਰ, ਰੌੜਕਿਲਾ, ਸੰਭਲਪੁਰ, ਟਾਟਾ ਨਗਰ, ਰਾਂਚੀ, ਆਸਨ ਸੋਲ, ਕਲਕੱਤਾ, ਮੁਗਲ ਸਰਾਏ, ਵਾਰਾਨਸੀ, ਲਖਨਊ, ਕਾਨਪੁਰ, ਬਰੇਲੀ, ਹਲਦਵਾਨੀ, ਨੈਨੀਤਾਲ, ਜੰਮੂ, ਲੁਧਿਆਣਾ, ਅੰਬਾਲਾ, ਸ਼ਿਮਲਾ, ਕਰਨਾਲ, ਪਾਣੀਪਤ, ਮਨੀਪੁਰ, ਇੰਫਾਲ, ਗੁਹਾਟੀ, ਸ਼ਿਲਾਂਗ ਅਤੇ ਇੰਦੌਰ, ਰਤਲਾਮ, ਬੜੌਦਾ, ਮੰਦਯੋਰ ਅਤੇ ਵਿਦੇਸ਼ਾਂ ਵਿਚ ਸਾਰੇ ਅਮਰੀਕਾ ਦੇ ਸ਼ਹਿਰ, ਤੇ ਇੰਗਲੈਂਡ ਦੇ ਸਾਰੇ ਸ਼ਹਿਰ, ਫਰਾਂਸ, ਪੈਰਿਸ, ਜਰਮਨ, ਸਾਰਾ ਹਾਲੈਂਡ, ਬੈਲਜੀਅਮ, ਸਵਿਟਜ਼ਰਲੈਂਡ, ਆਸਟਰੀਆ, ਡੁਬਈ, ਥਾਈਲੈਂਡ, ਮਲੇਸ਼ੀਆ, ਹਾਂਗਕਾਂਗ, ਸਿੰਘਾਪੁਰ ਅਤੇ ਦੁਨੀਆਂ ਦੇ ਹੋਰ ਕਈ ਦੇਸ਼ਾਂ ਵਿਚ ਮਸਕੀਨ ਜੀ ਦੇ ਨਾਲ ਕੀਰਤਨ ਪ੍ਰੋਗਰਾਮ ਕੀਤੇ।

(ਦਾਸ ਨੇ ਭਾਰਤ ਅਤੇ ਵਿਦੇਸ਼ਾਂ ਦੇ ਸ਼ਹਿਰਾਂ ਦਾ ਜੋ ਜੋ ਜ਼ਿਕਰ ਕੀਤਾ ਹੈ, ਇਹ ਅਤਿ ਕਥਨੀ ਨਹੀਂ ਹੈ, ਹਕੀਕਤ ਹੈ ਤੇ ਸੱਚਾਈ ਹੈ। ਭਾਈ ਕਰਮ ਸਿੰਘ ਰਤਨ ਜੀ ਡਾਇਰੀ ਲਿਖਦੇ ਹਨ ਹਨ ਤੇ ਮੈਨੂੰ ਉਹ ਜਾਣਕਾਰੀ ਦਿੰਦੇ ਹਨ। ਕਈ ਵਾਰ ਮੇਰੇ ਮਨ ਵਿੱਚ ਖਿਆਲ ਆਉਂਦਾ ਹੈ ਕਿ ਜਿਹੜੀਆਂ ਸੰਗਤਾਂ ਕਿਸੇ ਕੀਰਤਨੀਏ ਨੂੰ ਇਤਨਾ ਸਤਿਕਾਰ ਦਿੰਦੀਆਂ ਹਨ ਕੁਝ ਸਮੇਂ ਬਾਅਦ ਹੀ ਉਹ ਉਸ ਨੂੰ ਭੁੱਲ ਵੀ ਜਾਂਦੀਆਂ ਹਨ। ਖੈਰ ਰਤਨ ਜੀ ਦੇ ਜੀਵਨ ਦੀ ਇਸ ਕੀਰਤਨ ਯਾਤਰਾ ਵਿੱਚ ਕੌੜੀਆਂ ਮਿਠੀਆਂ ਯਾਦਾਂ ਹਨ ਜਿਹਨਾਂ ਕਰਕੇ ਮੈਨੂੰ ਇਹ ਸਾਰਾ ਕੁਝ ਬੜਾ ਰੋਚਕ ਜਾਪ ਰਿਹਾ ਹੈ। ਮੈਂ ਪਾਠਕਾਂ ਦੀ ਸੇਵਾ ਵਿੱਚ ਇਹ ਪੇਸ਼ ਕਰਦਾ ਰਹਾਂਗਾ।

# ਪ੍ਰੋਫ਼ੈਸਰ ਮੋਹਨ ਸਿੰਘ ਪਟਿਆਲੇ ਵਾਲੇ

## ਭਾਈ ਕਰਮ ਸਿੰਘ ਰਤਨ



ਪ੍ਰੋਫੈਸਰ ਮੋਹਨ ਸਿੰਘ ਰਿਟਾਇਰਡ ਤਬਲਾ ਵਾਦਕ , ਸੰਗੀਤ ਵਿਭਾਗ ਪੰਜਾਬੀ ਯੂਨੀਵਰਸਿਟੀ, ਪਟਿਆਲਾ ਜੋ ਕਿ ਮੇਰੇ ਸੱਚੇ ਅਤੇ ਪਰਮ ਮਿੱਤਰ ਸਨ ਤੇ ਆਪ ਜੀ 20 ਅਪਰੈਲ ਸੰਨ 2016, ਬੁੱਧਵਾਰ ਨੂੰ ਦੋ ਵਜੇ ਦੇ ਕਰੀਬ (ਇਸ ਬਿਨਸ ਜਾਇ ਝਠੀ ਦੇਹੀ) ਚੋਂ ਸਵਾਸ ਛੱਡ ਕੇ ਪਰਲੋਕ ਸਿਧਾਰ ਗਏ ਅਤੇ ਸਾਰੇ ਪਰਿਵਾਰ ਅਤੇ ਸੱਜਣਾਂ ਮਿੱਤਰਾਂ ਨੂੰ ਸਦੀਵੀ ਵਿਛੋੜਾ ਦੇ ਗਏ। ਆਪ ਜੀ, ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਦੇ, ਪਰਮ ਸਾਥੀ ਭਾਈ ਮਰਦਾਨਾ ਜੀ ਦੀ ਅੰਸ-ਬੰਸ ਵਿਚੋਂ ਮਸ਼ਹੂਰ ਤੇ ਨਾਮਵਰ ਕੀਰਤਨੀਏ ਭਾਈ ਪਾਲ ਸਿੰਘ ਜਸਵੰਤ ਸਿੰਘ ਜੀ ਰਾਗੀ ਜੀ ਦੇ ਪਿਤਾ ਸ: ਰਣਜੋਧ ਸਿੰਘ ਜੀ ਦੇ ਛੋਟੇ ਭਾਈ ਸ: ਮਹਾਂ ਸਿੰਘ ਜੀ ਦੀ ਸੰਤਾਨ ਸਨ, ਅਰਥਾਤ ਭਾਈ ਪਾਲ ਸਿੰਘ ਜਸਵੰਤ ਸਿੰਘ ਜੀ ਦੇ ਚਾਚਾ ਭਾਈ ਮਹਾਂ ਸਿੰਘ ਦੀ ਸੰਤਾਨ ਹਨ। ਇਹ ਤਿੰਨ ਭਰਾ ਸਨ। ਸਭ ਤੋਂ ਵੱਡੇ ਸ: ਮੋਹਨ ਸਿੰਘ ਅਤੇ ਇਹਨਾਂ ਤੋਂ ਛੋਟੇ ਸ: ਦਵਿੰਦਰ ਸਿੰਘ ਕਾਮਰੇਡ, ਕਮਉਨਿਸਟ ਪਾਰਟੀ ਪਟਿਆਲਾ ਦੇ ਜਨਰਲ ਸਕੱਤਰ ਸਨ। ਤੀਜੇ ਭਰਾ ਸ: ਗੁਰਕੀਰਤ ਸਿੰਘ ਜੀ ਸਨ ਜੋ ਕਿ ਪੰਜਾਬ ਪੁਲਿਸ ਪਟਿਆਲਾ ਵਿਚ ਹੀ ਸਨ। ਸਭ ਨੇ ਆਪਣੇ ਆਪਣੇ ਖੇਤਰ ਵਿਚ ਬਹੁਤ ਤਰੱਕੀ ਕੀਤੀ। ਛੋਟੇ ਦੋਵੇਂ ਭਰਾ ਤਾਂ ਪਹਿਲੇ ਹੀ ਸਵਰਗਵਾਸ ਹੋ ਗਏ ਸਨ।

ਪ੍ਰੋਫੈਸਰ ਮੋਹਨ ਸਿੰਘ ਬਾਰੇ ਮੈਂ ਕੀ ਲਿਖਾਂ, ਆਪ ਜੀ ਆਪਣੇ ਨਾਮ ਤੇ ਪੂਰੀ ਤਰ੍ਹਾਂ ਪੂਰੇ ਉਤਰਦੇ ਸਨ। ਵਾਕਿਆਂ ਹੀ ਜੋ ਵੀ ਉਹਨਾਂ ਨੂੰ ਮਿਲਦਾ ਸੀ, ਉਸੇ ਦਾ ਮਨ ਮੋਹ ਲੈਂਦੇ ਸਨ। ਏਨੀਆਂ ਪਿਆਰੀਆਂ ਤੇ ਮਿੱਠੀਆਂ ਗੱਲਾਂ ਕਰਨੀਆਂ ਕਿ ਮਿਲਣ ਵਾਲੇ ਦਾ ਮਨ ਉਹਨਾਂ ਵੱਲ ਖਿੱਚਿਆ ਜਾਂਦਾ ਸੀ ਤੇ ਹਰ ਕਿਸੇ ਨਾਲ ਆਪਣਾ ਘਰ ਦਾ ਬੰਦਾ ਸਮਝ ਕੇ ਹੀ ਗੱਲ ਕਰਦੇ ਸਨ। ਹਰ ਬੰਦੇ ਦੇ ਕੰਮ ਆਉਂਦੇ ਸਨ। ਜਿੱਥੋਂ ਤਕ ਹੋ ਸਕੇ ਹਰ ਸੰਭਵ ਹਰ ਇਕ ਦੀ ਮਦਦ ਕਰਨੀ ਉਹਨਾਂ ਦਾ ਸੁਭਾਵ ਸੀ।

ਇਸੇ ਮਿਲਾਪੜੇ ਤੇ ਮੋਹਣੇ ਸੁਭਾਵ ਕਾਰਨ, ਆਪ ਜੀ ਨੇ ਹਰ ਖੇਤਰ ਵਿਚ ਸਫ਼ਲਤਾ ਪਾਈ। ਪੜ੍ਹਾਈ ਵਿਚ ਆਪ ਜੀ ਨੇ ਬੀ. ਏ. ਕਰ ਕੇ ਫਿਰ ਪੰਜਾਬੀ ਵਿਚ ਗਿਆਨੀ ਦੀ ਡਿਗਰੀ ਹਾਸਿਲ ਕੀਤੀ। ਫਿਰ ਸੰਗੀਤ ਵਿਚ ਆਪ ਜੀ ਨੇ ਤਬਲੇ ਵਿਚ ਐੱਮ. ਏ. ਦੀ ਡਿਗਰੀ ਹਾਸਿਲ ਕੀਤੀ। ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ ਹੀ ਡਿਗਰੀ ਕਰਕੇ, ਉਸੇ ਯੂਨੀਵਰਸਿਟੀ ਵਿਚ ਹੀ ਸੰਗੀਤ ਵਿਭਾਗ ਵਿੱਚ ਤਬਲਾ ਵਾਦਕ ਲੱਗ ਗਏ। ਉਸ ਤੋਂ ਪਹਿਲਾਂ ਆਪ ਨੇ ਨਾਮਵਰ ਰਾਗੀਆਂ ਅਤੇ ਕੀਰਤਨੀਆਂ ਨਾਲ ਕਈ ਸਾਲ ਤਬਲੇ ਦੀ ਸੰਗਤ ਕੀਤੀ।

ਜਿਹਨਾਂ ਵਿਚ ਸ਼ਾਸਤਰੀ ਸੰਗੀਤ ਦੇ ਸੁਘੜ ਕੀਰਤਨੀਏ ਭਾਈ ਸੰਤਾ ਸਿੰਘ ਜੀ (ਕੰਵਲ) ਅਤੇ ਮਹਾਨ ਨਾਮਵਰ ਰਾਗੀ ਭਾਈ ਪਾਲ ਸਿੰਘ ਤੇ ਜਸਵੰਤ ਸਿੰਘ ਜੀ, ਰਾਗੀ ਭਾਈ ਸਾਹਿਬ ਭਾਈ ਸੰਤੋਖ ਸਿੰਘ ਸੰਧੂ,ਭਾਈ

ਕਿਰਪਾਲ ਸਿੰਘ ਪਟਿਆਲੇ ਵਾਲੇ, ਡਾਕਟਰ ਜਾਗੀਰ ਸਿੰਘ ਚੰਡੀਗੜ੍ਹ ਆਦਿ ਨਾਲ ਤਬਲਾ ਵਜਾਇਆ। ਇਹਨਾਂ ਤੋਂ ਇਲਾਵਾ ਦਾਸ ਦੇ ਨਾਲ ਬੜੀ ਦੇਰ ਤਬਲੇ ਤੇ ਸਾਥ ਦਿੱਤਾ। ਵਿਦੇਸ਼ ਵਿਚ ਗੁਰਦੁਆਰਾ ਸਿੰਘ ਸਭਾ ਬੈਂਕੌਕ, ਥਾਈਲੈਂਡ ਅਤੇ ਕੁਆਲਾਲੰਪਰ, ਮਲੇਸ਼ੀਆ ਅਤੇ ਸਿੰਘਾਪੁਰ ਤਬਲੇ 'ਤੇ ਸਾਥ ਦਿੱਤਾ। ਸਾਡੇ ਰਾਗੀ ਜੱਥੇ ਦੀ ਫੋਟੋਆਂ (ਥਾਈਲੈਂਡ ਦੇ ਬਾਦਸ਼ਾਹ ਦੇ ਮਹਿਲ ਵਿਚ ਅੱਜ ਵੀ ਲੱਗੀ ਹੋਈ ਹੈ, ਜੋ ਕਿ ਖਾਸ ਯਾਦਗਾਰ ਹੈ), ਦੂਜੀ ਫੋਟੋ ਸਾਡੇ ਰਾਗੀ ਜੱਥੇ ਦੀ ਸਿੰਘਾਪੁਰ ਦੇ ਰੇਡੀਓ ਸਟੇਸ਼ਨ ਦੇ ਹਾਲ ਵਿਚ ਲੱਗੀ ਹੋਈ ਹੈ ਕਿਉਂਕਿ ਵਿਦੇਸ਼ ਵਿਚ ਜਾ ਕੇ ਕੀਰਤਨ ਰੇਡੀਓ ਤੇ ਕਰਕੇ ਸਫਲਤਾ ਪਾਈ।ਮੇਰੇ ਨਾਲ ਪੂਰੀ ਦੋਸਤੀ ਨਿਭਾਈ। ਕਿ ਜਦੋਂ ਅਸੀਂ ਜੱਥੇ ਸਮੇਤ ਸਿੰਘਾਪੁਰ ਵਿਖੇ ਸੀ। ਉਹਨਾਂ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਾਲੀ ਨੌਕਰੀ, ਮੇਰੀ ਦੋਸਤੀ ਕਾਰਨ ਛੱਡ ਦਿੱਤੀ। ਪਰ ਮੇਰਾ ਸਾਥਾ ਨਹੀਂ ਛੱਡਿਆ। ਸਤਿਗੁਰ ਦੀ ਕ੍ਰਿਪਾ ਹੋਈ ਤੇ ਇਹਨਾਂ ਦੇ ਚੰਗੇ ਤੇ ਮਿਲਾਪੜੇ ਸੁਭਾਵ ਕਾਰਨ, ਇਹਨਾਂ ਨੂੰ ਦੁਬਾਰਾ ਉਥੇ ਹੀ ਨੌਕਰੀ ਤੇ ਰੱਖ ਲਿਆ। ਰਿਟਾਇਰ ਹੋਣ ਤੇ ਬਾਅਦ ਜਿੱਥੇ ਉਹਨਾਂ ਦੀ ਪੈਨਸ਼ਨ ਵੀ ਲੱਗ ਗਈ ਤੇ ਉਹਨਾਂ ਦੀ ਥਾਂ ਤੇ ਉਹਨਾਂ ਦੇ ਬੇਟੇ ਸ: ਮਨਜੀਤ ਸਿੰਘ ਹੈਪੀ ਨੂੰ ਉਥੇ ਰੱਖ ਲਿਆ।

ਅਖੀਰ ਵਿਚ ਪ੍ਰੋਫੈਸਰ ਮੋਹਨ ਸਿੰਘ ਜੀ ਦੇ ਤਬਲਾ ਵਜਾਣ ਇਕ ਕ੍ਰਿਸ਼ਮਾ ਮੈਂ ਪਾਠਕਾਂ ਦੀ ਜਾਣਕਾਰੀ ਲਈ ਜ਼ਰੂਰ ਰੱਖਣਾ ਚਾਹਵਾਂਗਾ।ਸਾਡੇ ਰਾਗੀ ਜੱਥੇ ਨੂੰ ਗੁਰੂ ਨਾਨਕ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਤੇ ਗੁਰਦੁਆਰਾ ਸਿੰਘ ਸਭਾ ਗੋਬਿੰਦ ਨਗਰ, 4 ਬਲਾਕ ਕਾਨਪੁਰ ਵਾਲਿਆਂ ਨੇ ਕੀਰਤਨ ਲਈ ਬੁਲਾਇਆ। ਅਸੀਂ ਕੀਰਤਨ ਲਈ ਕਾਨਪੁਰ ਪਹੁੰਚ ਗਏ ਤੇ ਪ੍ਰੋਫੈਸਰ ਮੋਹਨ ਸਿੰਘ ਸਾਡੇ ਨਾਲ ਤਬਲੇ 'ਤੇ ਸਨ। ਗੁਰਪੁਰਬ ਵਾਲੇ ਦਿਨ ਰਾਤ ਦਾ ਆਖਰੀ ਦੀਵਾਨ ਸਾਡਾ ਕੀਰਤਨ ਸੀ 11 ਤੋਂ 12 ਵਜੇ ਤਕ ਅਤੇ ਇਹ ਕਰੀਬ ਸੰਨ 1972 ਦੀ ਗੱਲ ਹੈ। ਕਿਉਂਕਿ ਮੈਂ ਇਸ ਤੋਂ ਪਹਿਲਾਂ ਸਾਲ ਸਿੰਘ ਸਭਾ ਲਾਟੂਸ ਰੋਡ ਕਾਨਪੁਰ ਰਹਿ ਚੁਕਾ ਸੀ ਇਸ ਲਈ ਕਾਨਪੁਰ ਦੇ ਸਾਰੇ ਰਾਗੀ ਜੱਥੇ ਮੇਰੇ ਵਾਕਿਫ ਸਨ ਤੇ ਇਹ ਸਾਰੇ ਰਾਗੀ ਜੱਥੇ ਸਾਨੂੰ ਸੁਣਨ ਪਹੁੰਚ ਗਏ।

ਅਸੀਂ ਜਦੋਂ ਕੀਰਤਨ ਸ਼ੁਰੂ ਕੀਤਾ ਤਾਂ ਰਾਗ ਮਾਲਕੌਂਸ ਵਿਚ ਤੇ ਝਪ ਤਾਲ ਵਿਚ ਅਸੀਂ ਸ਼ਬਦ ਸ਼ੁਰੂ ਕੀਤਾ (ਤੂੰ ਸੁਲਤਾਨ ਕਹਾ ਹਉਂ ਮੀਆਂ ਤੇਰੀ ਕਵਨ ਵਡਾਈ) ਤੇ ਪ੍ਰੋ: ਮੋਹਨ ਸਿੰਘ ਜੀ ਤਬਲਾ ਵਜਾ ਰਹੇ ਸਨ। ਸੋ ਜਦੋਂ ਅਸੀਂ ਅੰਤਰਾ ਗਾ ਕੇ ਫਿਰ ਅਸਥਾਈ ਤੇ ਆਏ ਤਾਂ ਮੋਹਨ ਸਿੰਘ ਜੀ ਨੇ ਪਹਿਲੇ ਝਪ ਤਾਲ ਦੀ ਦੁਗਣ ਕੀਤੀ ਤੇ ਫਿਰ ਚੌਗਣ ਕੀਤੀ ਤੇ ਫਿਰ ਉਹਨਾਂ ਪ੍ਰਣ ਵਜਾ ਕੇ, ਨੌਂ ਮੁਕਾਏ ਤੇ ਜਦੋਂ ਆਖਰੀ ਧਾ ਮਾਰਿਆ ਤਾਂ ਜਿਸ ਵੇਲੇ ਆਖਰੀ ਧਾ ਵਜਾ ਤਾ ਜਿਹਨੇ ਰਾਗੀ ਸੱਜਣ ਸੁਣਨ ਵਾਲੇ ਬੈਠੇ ਹੋਏ ਸਨ। ਸਭ ਉੱਠ ਕੇ ਕਹਿਆ ਵਾਹ ਭਾਈ ਮੋਹਨ ਸਿੰਘ ਜੀ ਕਿਆ ਬਾਤ ਹੈ, ਨਿਹਾਲ ਕਰ ਦਿੱਤਾ ਹੈ। ਸਭ ਰਾਗੀਆਂ ਨੇ ਮੋਹਨ ਸਿੰਘ ਤੇ ਨੋਟਾਂ ਦੀ ਵਰਖਾ ਕਰ ਦਿੱਤੀ। ਇਹ ਉਹਨਾਂ ਦੀ ਕਲਾ ਦਾ ਇਕ ਕ੍ਰਿਸ਼ਮਾ ਸੋ, ਸੋ ਐਸ ਸਨ, ਮੇਰੇ ਸੁਹਿਰਦ ਮਿੱਤਰ, ਪ੍ਰੋਫੈਸਰ ਮੋਹਨ ਸਿੰਘ, ਜਿਹਨਾਂ ਨੂੰ ਮੈਂ ਭਰੇ ਮਨ ਨਾਲ ਆਪਣੀ ਸ਼ਰਧਾਂਜਲੀ ਪੇਸ਼ ਕਰ ਰਿਹਾ ਹਾਂ। ਸਤਿਗੁਰੂ ਉਹਨਾਂ ਦੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ।

Simran Niwas , H. No. 425 Street No. 1 , New Vasant Vihar,
Kakowal Road **Ludhiana (Punjab) 141 008**

ਗੁਰਸਿੱਖ ਰਿਸ਼ਤਿਆਂ ਲਈ ਸੰਪਰਕ ਕਰੋ

**ਗੁਰਸਿੱਖ ਸੰਜੋਗ** ਪੰਦਰਾ-ਰੋਜ਼ਾ ਪੱਤਰ

ਗੁਰਦੁਆਰਾ ਅਕਾਲੀ ਬਾਬਾ ਫੂਲਾ ਸਿੰਘ ਪੂਸਾ ਰੋਡ,
ਨਵੀਂ ਦਿੱਲੀ 110 060 ਫੋਨ : 25862955